ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

www.awazeqaumtv.com

Also On

Visit on facebook

https://www.facebook.com/awazeqaumtv/videos/194899582124531/

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

You Tube https://youtu.be/LQwolgxDu7I

International Daily Newspaper & WEB TV

awazeqaumtvpunjab@gmail.com

ਬੁੱਧਵਾਰ, 1 ਮਈ 2024 (ਨਾਨਕਸ਼ਾਹੀ ਸੰਮਤ : ੫੫੬, ੧੯ ਵੈਸਾਖ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ. ਕੇ., ਸੰਪਰਕ : +447458381111,+447976210161,+919729091243




## ਸ਼੍ਰੋਮਣੀ ਅਕਾਲੀ ਦਲ ਦੇ ਕੌਮੀ ਆਗੂ ਨਾਲ ਵਾਪਰਿਆ ਵੱਡਾ ਹਾਦਸਾ, ਇਕ ਦੀ ਮੌਤ, ਅੱਜ ਜਾਣਾ ਸੀ ਅਮਰੀਕਾ

**ਦਸੂਹਾ/ਅੰਮ੍ਰਿਤਸਰ, 30 ਅਪ੍ਰੈਲ (ਆਵਾਜ਼ਿ ਕੌਮ ਬਿਊਰੋ)**- ਸ਼੍ਰੋਮਣੀ ਅਕਾਲੀ ਦਲ ਦੇ ਕੌਮੀ ਆਗੂ ਮਨਜੀਤ ਸਿੰਘ ਦਸੂਹਾ ਦੀ ਗੱਡੀ ਭਿਆਨਕ ਹਾਦਸੇ ਦਾ ਸ਼ਿਕਾਰ ਹੋ ਗਈ। ਪ੍ਰਾਪਤ ਜਾਣਕਾਰੀ ਅਨੁਸਾਰ ਸ਼੍ਰੋਮਣੀ ਅਕਾਲੀ ਦਲ ਦੇ ਕੌਮੀ ਆਗੂ ਮਨਜੀਤ ਸਿੰਘ ਦਸੂਹਾ ਅੱਜ ਜਦੋਂ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਮੱਥਾ ਟੇਕਣ ਲਈ ਜਾ ਰਹੇ ਸਨ ਤਾਂ ਜਦੋਂ ਉਹ ਜੰਡਿਆਲਾ ਨਜ਼ਦੀਕ ਅੰਮ੍ਰਿਤਸਰ ਕੋਲ ਪਹੁੰਚੇ ਤਾਂ ਉਨ੍ਹਾਂ ਦੀ ਗੱਡੀ ਹਾਦਸੇ ਦਾ ਸ਼ਿਕਾਰ ਹੋ ਗਈ ਜਿਸ ਦੇ ਸਿੱਟੇ ਵੱਜੋਂ ਉਨ੍ਹਾਂ ਦੇ ਡਰਾਈਵਰ ਦਵਿੰਦਰਪਾਲ ਸਿੰਘ ਦੀ ਮੌਤ ਹੋ ਗਈ ਅਤੇ ਮਨਜੀਤ ਸਿੰਘ ਦਸੂਹਾ ਵੀ ਗੰਭੀਰ ਜ਼ਖਮੀ ਹੋਏ ਹਨ, ਉਨ੍ਹਾਂ ਦੀ ਲੱਤ ਅਤੇ ਚੂਲੇ ’ਤੇ ਫਰੈਕਚਰ ਹੋ ਗਿਆ ਹੈ। ਉਨ੍ਹਾਂ ਨੂੰ ਜਲੰਧਰ ਦੇ ਨਿੱਜੀ ਹਸਪਤਾਲ ਵਿਖੇ ਦਾਖਿਲ ਕਰਵਾਇਆ ਗਿਆ ਹੈ, ਜਿੱਥੇ ਉਹ ਜੇਰੇ ਇਲਾਜ ਹਨ ਅਤੇ ਉਨ੍ਹਾਂ ਦੀ ਹਾਲਤ ਗੰਭੀਰ ਬਣੀ ਹੋਈ ਹੈ। ਹਾਦਸੇ ਵਿਚ ਉਨ੍ਹਾਂ ਦੀ ਗੱਡੀ ਵੀ ਬੁਰੀ ਤਰ੍ਹਾਂ ਨਾਲ ਨੁਕਸਾਨੀ ਗਈ ਹੈ। ਪਤਾ ਲੱਗਾ ਹੈ ਕਿ ਅੱਜ ਉਨ੍ਹਾਂ ਨੇ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਮੱਥਾ ਟੇਕਣ ਉਪਰੰਤ ਸ਼ਾਮ 5.30 ਵਜੇ ਅਮਰੀਕਾ ਜਾਣਾ ਸੀ।



# ਅੰਮ੍ਰਿਤਾ ਵੜਿੰਗ ਵਲੋਂ ਕਾਂਗਰਸ ਦੇ ਪੰਜੇ ਦੀ ਤੁਲਨਾ
# ਬਾਬਾ ਨਾਨਕ ਨਾਲ ਕਰਨ ’ਤੇ ਸਿੰਘ ਸਾਹਿਬ ਨੇ ਲਿਆ ਸਖ਼ਤ ਨੋਟਿਸ



**ਅੰਮ੍ਰਿਤਸਰ, 30 ਅਪ੍ਰੈਲ (ਆਵਾਜ਼ਿ ਕੌਮ ਬਿਊਰੋ)**-ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਕਾਂਗਰਸ ਆਗੂ ਅੰਮ੍ਰਿਤਾ ਵੜਿੰਗ ਵਲੋਂ ਚੋਣ ਪ੍ਰਚਾਰ ਦੌਰਾਨ ਕਾਂਗਰਸ ਦੇ ਚੋਣ ਨਿਸ਼ਾਨ ਪੰਜੇ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪੰਜਾ ਕਹਿਣ ਦਾ ਸਖ਼ਤ ਨੋਟਿਸ ਲੈਂਦਿਆਂ ਸਖ਼ਤ ਤਾੜਨਾ ਕੀਤੀ ਹੈ। ਉਨ੍ਹਾਂ ਕਿਹਾ ਕਿ ਸਿਆਸੀ ਆਗੂਆਂ ਵਲੋਂ ਸਿਆਸੀ ਹਿਤਾਂ ਲਈ ਗੁਰੂ ਸਾਹਿਬਾਨ ਦੇ ਨਾਵਾਂ ਅਤੇ ਧਾਰਮਿਕ ਚਿੰਨ੍ਹਾਂ ਦੀ ਵਰਤੋਂ ਕਿਸੇ ਵੀ ਸੂਰਤ ਵਿਚ ਬਰਦਾਸ਼ਤ ਨਹੀਂ ਕੀਤੀ ਜਾ ਸਕਦੀ। ਸ੍ਰੀ ਅਕਾਲ ਤਖ਼ਤ ਸਾਹਿਬ ਸਕੱਤਰੇਤ ਤੋਂ ਜਾਰੀ ਬਿਆਨ ਵਿਚ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਆਖਿਆ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਲਿਖਤੀ ਸ਼ਿਕਾਇਤਾਂ ਪੁੱਜੀਆਂ ਹਨ ਕਿ ਕਾਂਗਰਸ ਆਗੂ ਅੰਮ੍ਰਿਤਾ ਵੜਿੰਗ ਵਲੋਂ ਆਪਣੀ ਪਾਰਟੀ ਦੇ ਚੋਣ ਪ੍ਰਚਾਰ ਦੌਰਾਨ ਕਾਂਗਰਸ ਦੇ ਚੋਣ ਨਿਸ਼ਾਨ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪੰਜਾ ਆਖ ਕੇ ਵੋਟਾਂ ਦੀ ਮੰਗ ਕੀਤੀ ਗਈ ਹੈ। ਜਿਸ ਦੇ ਨਾਲ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਭਾਰੀ ਠੇਸ ਪੁੱਜੀ ਹੈ। ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਆਖਿਆ ਕਿ ਸਿੱਖ ਇਹ ਕਦੇ ਵੀ ਨਹੀਂ ਭੁੱਲ ਸਕਦੇ ਕਿ ਪੰਜਾ ਉਸ ਕਾਂਗਰਸ ਪਾਰਟੀ ਦਾ ਚੋਣ ਨਿਸ਼ਾਨ ਹੈ ਜਿਸ ਨੇ ਅਬਦਾਲੀਆਂ ਤੋਂ ਬਾਅਦ ਸਿੱਖਾਂ ਦੀ ਭਗਤੀ-ਸ਼ਕਤੀ ਦੇ ਕੇਂਦਰ ਸ੍ਰੀ ਦਰਬਾਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਉੱਤੇ ਤੋਪਾਂ ਤੇ ਟੈਂਕਾਂ ਨਾਲ ਹਮਲਾ ਕੀਤਾ ਸੀ। 1978 ਤੋਂ 1995 ਤੱਕ ਸਿੱਖ ਨਸਲਕੁਸ਼ੀ ਕਰਕੇ ਲੱਖਾਂ ਬੇਦੋਸ਼ੇ ਤੇ ਨਿਹੱਥੇ ਸਿੱਖ ਨੌਜਵਾਨਾਂ ਦੇ ਖ਼ੂਨ ਵਿਚ ਕਾਂਗਰਸ ਦਾ ਪੰਜਾ ਰੰਗਿਆ ਹੋਇਆ ਹੈ। ਉਨ੍ਹਾਂ ਸਖ਼ਤ ਸ਼ਬਦਾਂ ਵਿਚ ਆਖਿਆ ਕਿ ਕਾਂਗਰਸ ਵਲੋਂ ਆਪਣੇ ਸਿਆਸਤ ਮਨੋਰਥ ਲਈ ਗੁਰੂ ਸਾਹਿਬਾਨ ਦੇ ਨਾਵਾਂ ਜਾਂ ਧਾਰਮਿਕ ਚਿੰਨ੍ਹਾਂ ਦੀ ਦੁਰਵਰਤੋਂ ਹਰਗਿਜ਼ ਬਰਦਾਸ਼ਤ ਨਹੀਂ ਕੀਤੀ ਜਾ ਸਕਦੀ। ਉਨ੍ਹਾਂ ਕਿਹਾ ਕਿ ਅੰਮ੍ਰਿਤਾ ਵੜਿੰਗ ਤੁਰੰਤ ਆਪਣੀ ਗਲਤੀ ਲਈ ਪਛਚਾਤਾਪ ਕਰੇ। ਇਸ ਦੇ ਨਾਲ ਚਿਤਾਵਨੀ ਹੈ ਕਿ ਉਹ ਸਿਆਸੀ ਪ੍ਰਚਾਰ ਅਤੇ ਸਿਆਸੀ ਹਿਤਾਂ ਖ਼ਾਤਰ ਕਿਸੇ ਵੀ ਰੂਪ ਵਿਚ ਧਾਰਮਿਕ ਜਜ਼ਬਾਤਾਂ ਨਾਲ ਖੇਡਣ ਤੋਂ ਪੂਰੀ ਤਰ੍ਹਾਂ ਗੁਰੇਜ਼ ਕਰਨ।

## ਰਾਜਾ ਵੜਿੰਗ ਦੀ ਪਤਨੀ ਅੰਮ੍ਰਿਤਾ ਵੜਿੰਗ ਨੇ ਵਿਵਾਦਤ ਬਿਆਨ ’ਤੇ ਮੰਗੀ ਮੁਆਫ਼ੀ

**ਚੰਡੀਗੜ੍ਹ, 30 ਅਪ੍ਰੈਲ (ਆਵਾਜ਼ਿ ਕੌਮ ਬਿਊਰੋ)**-ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦੀ ਪਤਨੀ ਅੰਮ੍ਰਿਤਾ ਵੜਿੰਗ ਨੇ ਆਪਣੇ ਵਿਵਾਦਤ ਬਿਆਨ ਲਈ ਮੁਆਫੀ ਮੰਗ ਲਈ ਹੈ। ਉਨ੍ਹਾਂ ਨੇ ਕਿਹਾ ਕਿ ਅਨਜਾਣੇ ਵਿਚ ਦਿੱਤੇ ਗਏ ਬਿਆਨ ਨਾਲ ਜੇ ਕਿਸੇ ਦੀਆਂ ਭਾਵਨਾਵਾਂ ਨੂੰ ਠੇਸ ਪੁੱਜੀ ਹੈ ਤਾਂ ਇਸ ਲਈ ਉਹ ਮੁਆਫੀ ਮੰਗਦੇ ਹਨ। ਉਨ੍ਹਾਂ ਨੇ ਕਿਹਾ ਕਿ ਮੇਰੀ ਇਸ ਤਰ੍ਹਾਂ ਦੀ ਕੋਈ ਮਨਸ਼ਾ ਨਹੀਂ ਸੀ। ਹਾਲਾਂਕਿ ਇਸ ਤੋਂ ਪਹਿਲਾਂ ਇਸ ਬਿਆਨ ਦੀ ਨਿੰਦਾ ਹੋ ਰਹੀ ਸੀ। ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਐੱਸਜੀਪੀਸੀ ਨੇ ਵੀ ਉਨ੍ਹਾਂ ਦੇ ਬਿਆਨ ਦੀ ਨਿੰਦਾ ਕੀਤੀ ਸੀ ਅਤੇ ਨਾਲ ਹੀ ਕਿਹਾ ਸੀ ਕਿ ਉਹ ਇਸ ਬਿਆਨ ਲਈ ਮੁਆਫੀ ਮੰਗਣ। ਮਿਲੀ ਜਾਣਕਾਰੀ ਮੁਤਾਬਕ ਰਾਜਾ ਵੜਿੰਗ ਦੀ ਪਤਨੀ ਅੰਮ੍ਰਿਤਾ ਵੜਿੰਗ ਨੇ ਇਕ ਰੈਲੀ ਨੂੰ ਸੰਬੋਧਨ ਕਰਦਿਆਂ ਵਿਵਾਦਤ ਬਿਆਨ ਦਿੱਤਾ ਸੀ। ਅੰਮ੍ਰਿਤਾ ਵੜਿੰਗ ਦੇ ਕਾਂਗਰਸ ਚੋਣ ਚਿੰਨ੍ਹ ਨੂੰ ਲੈ ਕੇ ਬਿਆਨ ਦਿੱਤਾ ਸੀ। ਉਨ੍ਹਾਂ ਕਿਹਾ ਸੀ ਕਿ ‘ਮੈਂ ਗੁਰੂਆਂ ਦੇ ਪੰਜੇ ਲਈ ਵੋਟ ਮੰਗਣ ਆਈ ਹਾਂ, ਗੁਰੂ ਨਾਨਕ ਦੇਵ ਜੀ ਦਾ ਵੀ ਪੰਜਾ ਸੀ ਅਤੇ ਕਾਂਗਰਸ ਨੇ ਵੀ ਪੰਜਾ ਚੁਣਿਆ, ਅੰਮ੍ਰਿਤਾ ਦੇ ਇਸ ਬਿਆਨ ਕਾਰਣ ਸਿੱਖ ਸੰਗਤ ਵਿਚ ਕਾਫੀ ਰੋਸ ਪਾਇਆ ਜਾ ਰਿਹਾ ਸੀ।



## ਲੰਡਨ ’ਚ ਗੁਰਦਾਸਪੁਰ ਵਾਸੀ ਪਤਨੀ ਦਾ ਕਤਲ ਕਰਨ ਵਾਲੇ ਪਤੀ ਨੂੰ ਉਮਰ ਕੈਦ ਦੀ ਸਜ਼ਾ



**ਗੁਰਦਾਸਪੁਰ , 30 ਅਪ੍ਰੈਲ (ਆਵਾਜ਼ਿ ਕੌਮ ਬਿਊਰੋ)**-ਲੰਡਨ ’ਚ ਆਪਣੀ ਪਤਨੀ ਦੀ ਚਾਕੂ ਮਾਰ ਕੇ ਹੱਤਿਆ ਕਰਨ ਵਾਲੇ ਪਤੀ ਨੂੰ ਲੰਡਨ ਦੀ ਕਿੰਗਸਟਨ ਕ੍ਰਾਊਨ ਕੋਰਟ ਨੇ ਉਮਰ ਕੈਦ ਦੀ ਸ਼ਜਾ ਸੁਣਾਈ ਹੈ। ਦੱਸਣਯੋਗ ਹੈ ਕਿ ਗੁਰਦਾਸਪੁਰ ਦੇ ਪਿੰਡ ਜੋਗੀ ਚੀਮਾ ਦੀ ਰਹਿਣ ਵਾਲੀ ਮਹਿਕ ਸ਼ਰਮਾ (19) ਦੀ ਉਸ ਦੇ ਪਤੀ ਸਾਹਿਲ ਸ਼ਰਮਾ ਨੇ 29 ਅਕਤੂਬਰ 2023 ਨੂੰ ਲੰਡਨ ’ਚ ਚਾਕੂ ਨਾਲ ਹਮਲਾ ਕਰ ਕੇ ਕਤਲ ਕਰ ਦਿੱਤਾ ਸੀ। ਇਸ ਤੋਂ ਬਾਅਦ ਉਨ੍ਹਾਂ ਦੇ ਪਰਿਵਾਰਕ ਵਕੀਲ ਜੂਲੀਅਨ ਈਵਨ ਨੇ ਕੋਰਟ ਨੂੰ ਦੱਸਿਆ ਸੀ ਕਿ ਸਾਹਿਲ ਸ਼ਰਮਾ ਵਿਆਹ ਤੋਂ ਬਾਅਦ ਹੀ ਆਪਣੀ ਪਤਨੀ ਮਹਿਕ ਸ਼ਰਮਾ ਨੂੰ ਮਾਨਸਿਕ ਅਤੇ ਸਰੀਰਿਕ ਰੂਪ ਨਾਲ ਪ੍ਰੇਸ਼ਾਨ ਕਰ ਰਿਹਾ ਸੀ। ਦੂਜੇ ਪਾਸੇ ਸਾਹਿਲ ਕੋਰਟ ਵਿਚ ਆਪਣੇ ਬਚਾਅ ’ਚ ਪਤਨੀ ਦੇ ਚਰਿੱਤਰ ’ਤੇ ਲਗਾਏ ਗਏ ਦੋਸ਼ਾਂ ਨੂੰ ਸਾਬਿਤ ਨਹੀਂ ਕਰ ਸਕਿਆ, ਜਿਸ ਦੇ ਚੱਲਦੇ ਕੋਰਟ ਨੇ ਸਾਰੇ ਦੋਸ਼ਾਂ ਨੂੰ ਖਾਰਜ ਕਰ ਦਿੱਤਾ। ਇਸ ਤਹਿਤ ਲੰਡਨ ਦੀ ਕਿੰਗਸਟਨ ਕ੍ਰਾਊਨ ਕੋਰਟ ਦੀ ਜੱਜ ਸਾਰਾ ਪਲਾਸਕਾਸ ਨੇ ਦੋਸ਼ੀ ਸਾਹਿਲ ਨੂੰ 14 ਸਾਲ 187 ਦਿਨ ਦੀ ਸਜ਼ਾ ਸੁਣਾਈ। ਕੋਰਟ ਨੇ ਕਿਹਾ ਕਿ ਸਾਹਿਲ ਨੂੰ ਕਦੀ ਪੈਰੋਲ ਨਹੀਂ ਦਿੱਤੀ ਜਾਵੇਗੀ, ਜਿਸ ਨੂੰ ਆਪਣੀ ਜ਼ਿੰਦਗੀ ਜੇਲ੍ਹ ਵਿਚ ਗੁਜਾਰਨੀ ਪਵੇਗੀ। ਗੌਰਤਲਬ ਹੈ ਕਿ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਅਤੇ ਯੂਨਾਈਟਿਡ ਸਿੱਖ ਸੰਗਠਨ ਦੀ ਪ੍ਰਬੰਧਕ ਨਰਪਿੰਦਰ ਕੌਰ ਮਾਨ ਦੇ ਯਤਨਾਂ ਨਾਲ ਮਹਿਕ ਸ਼ਰਮਾ ਦੀ ਲਾਸ਼ ਪਿੰਡ ਜੋਗੀ ਚੀਮਾ ਲਿਆਂਦੀ ਗਈ ਸੀ, ਜਿੱਥੇ ਉਸ ਦਾ ਅੰਤਿਮ ਸੰਸਕਾਰ ਕੀਤਾ ਗਿਆ।

## ਕਾਂਗਰਸ ਨੇ ਸਿਆਸੀ ਪਿੜ ’ਚ ਗੱਡੇ ‘ਟੋਪੀ ਆਲੇ ਕਿੱਲ’ ! ਪਾਰਟੀ ਜਿਤਾਉਣ ਨਾਲੋਂ ਆਪਣੀ ਸ਼ਾਖ ਬਚਾਉਣ ਦੀ ਲੜਾਈ ?

**ਚੰਡੀਗੜ੍ਹ, 30 ਅਪ੍ਰੈਲ (ਆਵਾਜ਼ਿ ਕੌਮ ਬਿਊਰੋ)**-ਕਾਂਗਰਸ ਨੇ ਪੰਜਾਬ ਵਿੱਚੋਂ 12 ਉਮੀਦਵਾਰਾਂ ਦੇ ਨਾਵਾਂ ਦਾ ਐਲਾਨ ਕਰ ਦਿੱਤਾ ਹੈ। ਇਸ ਵਿੱਚ ਪਾਰਟੀ ਪ੍ਰਧਾਨ, ਸਾਂਸਦ, ਵਿਧਾਇਕ, ਸਾਬਕਾ ਮੁੱਖ ਮੰਤਰੀ ਤੇ ਸਾਬਕਾ ਉੱਪ ਮੁੱਖ ਮੰਤਰੀ ਤੇ ਸਾਬਕਾ ਮੰਤਰੀਆਂ ਤੱਕ ਨੂੰ ਚੋਣ ਮੈਦਾਨ ਵਿੱਚ ਉਤਾਰ ਦਿੱਤਾ ਹੈ ਜਿਸ ਤੋਂ ਇਹ ਤਾਂ ਸਾਫ਼ ਹੈ ਪੰਜਾਬ ਕਾਂਗਰਸ ਇਹ ਚੋਣਾਂ ਸਿਰ ਧੜ ਦੀ ਬਾਜ਼ੀ ਲਾਕੇ ਲੜ ਰਹੀ ਹੈ। ਜੇ ਗੱਲ ਇਸ ਵੇਲੇ ਸਭ ਤੋਂ ਵੱਧ ਚਰਚਾ ਦਾ ਵਿਸ਼ਾ ਬਣੀ ਲੁਧਿਆਣਾ ਸੀਟ ਦੀ ਕੀਤੀ ਜਾਵੇ ਤਾਂ ਇੱਥੋਂ ਕਾਂਗਰਸ ਨੇ ਪਾਰਟੀ ਦੇ ਸੂਬਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੂੰ ਚੋਣ ਮੈਦਾਨ ਵਿੱਚ ਉਤਾਰਿਆ ਹੈ। ਰਾਜਾ ਵੜਿੰਗ ਲਈ ਇਹ ਚੋਣ ਜਿੱਤਣੀ ਬਹੁਤ ਜ਼ਰੂਰੀ ਹੈ ਕਿਉਂਕਿ ਇੱਕ ਤਾਂ ਪਾਰਟੀ ਦੇ ਪ੍ਰਧਾਨ ਹਨ ਤੇ ਦੂਜਾ ਉਹ ਰਵਨੀਤ ਬਿੱਟੂ ਨੂੰ ਦੱਸਣਾ ਚਾਹੁੰਦੇ ਹਨ ਕਿ ਉਨ੍ਹਾਂ ਦੇ ਜਾਣ ਨਾਲ ਪਾਰਟੀ ਨੂੰ ਕੋਈ ਡੈਂਟ ਨਹੀਂ ਲੱਗਿਆ ਹੈ। ਹਾਲਾਂਕਿ ਇਹ ਪਹਿਲੀ ਵਾਰ ਨਹੀਂ ਹੈ ਜਦੋਂ ਪਾਰਟੀ ਨੇ ਸੂਬਾ ਪ੍ਰਧਾਨ ਨੂੰ ਔਖੀ ਸੀਟ ਉੱਤੇ ਘੱਲਿਆ ਹੋਵੇ ਕਿਉਂਕਿ ਇਸ ਤੋਂ ਪਹਿਲਾਂ ਕੈਪਟਨ ਅਮਰਿੰਦਰ ਸਿੰਘ ਵੀ ਅਰੁਣ ਜੇਤਲੀ ਖ਼ਿਲਾਫ਼ ਅੰਮ੍ਰਿਤਸਰ ਤੋਂ ਚੋਣ ਲੜ ਚੁੱਕੇ ਹਨ। ਜੇ ਦੂਜੇ ਚਰਚਾ ਵਾਲੀ ਸੀਟ ਦੀ ਗੱਲ ਕਰੀਏ ਤਾਂ ਉਹ ਬਿਨਾਂ ਸ਼ੱਕ ਜਲੰਧਰ ਦੀ ਹੈ, ਜਿੱਥੋਂ ਪਾਰਟੀ ਨੇ ਸਾਬਕਾ ਮੁੱਖ ਮੰਤਰੀ ਨੂੰ ਉਮੀਦਵਾਰ ਬਣਾਇਆ ਹੈ ਜੋ ਕਿ ਮੁੱਖ ਮੰਤਰੀ ਹੁੰਦੇ ਹੋਏ ਜੋ ਸੀਟਾਂ ਤੋਂ ਵਿਧਾਇਕੀ ਹਾਰ ਗਏ ਸਨ। ਇਸ ਲਈ ਚਰਨਜੀਤ ਚੰਨੀ ਲਈ ਲਈ ਇਹ ਚੋਣ ਆਪਣਾ ਸਿਆਸੀ ਕੱਦ ਦਿਖਾਉਣ ਵਾਲੀ ਹੈ ਕਿਉਂਕਿ ਜੇ ਉਹ ਲਗਾਤਾਰ ਦੂਜੀ(ਤੀਜੀ) ਚੋਣ ਹਾਰ ਜਾਂਦੇ ਹਨ ਤਾਂ ਉਨ੍ਹਾਂ ਦੇ ਸਿਆਸੀ ਬਲਬੂਤੇ ਨੂੰ ਲੈ ਕੇ ਸਵਾਲ ਜ਼ਰੂਰ ਖੜ੍ਹੇ ਹੋਣਗੇ। ਅਗਲੀ ਸੀਟ ਬੇਸ਼ੱਕ ਸੰਗਰੂਰ ਸੀਟ ਹੈ ਜਿੱਥੋਂ ਪਾਰਟੀ ਨੇ ਸੁਖਪਾਲ ਖਹਿਰਾ ਨੂੰ ਭੁਲੱਥ ਤੋਂ ਲਿਆਂਦਾ ਹੈ। ਖਹਿਰਾ ਇੱਥੇ ਆਮ ਆਦਮੀ ਪਾਰਟੀ ਦੇ ਉਮੀਦਵਾਰ ਮੀਤ ਹੇਅਰ ਨਾਲ ਨਹੀਂ ਸਗੋਂ ਸਿੱਧਾ ਮੁੱਖ ਮੰਤਰੀ ਭਗਵੰਤ ਮਾਨ ਨਾਲ ਮੁਕਾਬਲਾ ਮੰਨ ਰਹੇ ਹਨ। ਜੇ ਉਹ ਇਹ ਸੀਟ ਕੱਢਦੇ ਹਾਂ ਤਾਂ ਬੇਸ਼ੱਕ ਉਹ ਕਾਂਗਰਸ ਦੀ ਚੋਟੀ ਦੀ ਕਰੀਮ ਵਿੱਚ ਸ਼ਾਮਲ ਹੋ ਜਾਣਗੇ ਤੇ ਪਾਰਟੀ ਉਨ੍ਹਾਂ ਦੀ ਦਲਬਦਲੀ ਨੂੰ ਵੀ ਭੁੱਲ ਸਕਦੀ ਹੈ ਪਰ ਜੇ ਹਾਰ ਗਏ ਤਾਂ ਪਾਰਟੀ ਨੂੰ ਦੂਹਰਾ ਨੁਕਸਾਨ ਹੋਵੇਗਾ, ਇੱਕ ਤਾਂ ਸੀਟ ਹੱਥੋਂ ਜਾਵੇਗੀ ਤੇ ਦੂਜਾ ਸਥਾਨਕ ਲੀਡਰ ਵੀ ਨਰਾਜ਼ ਹੋ ਗਏ ਹਨ। ਜੇ ਗੱਲ ਸਟਾਰ ਸੀਟ ਗੁਰਦਾਸਪੁਰ ਦੀ ਕਰੀਏ ਤਾਂ ਇੱਥੋਂ ਸਾਬਕਾ ਉਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੂੰ ਟਿਕਟ ਦਿੱਤੀ ਹੈ। ਰੰਧਾਵਾ ਡੇਰਾ ਬਾਬਾ ਨਾਨਕ ਤੋਂ ਵਿਧਾਇਕ ਹਨ ਅਤੇ ਆਲ ਇੰਡੀਆ ਕਾਂਗਰਸ ਕਮੇਟੀ ਵਿੱਚ ਰਾਜਸਥਾਨ ਦੇ ਜਨਰਲ ਸਕੱਤਰ ਵਜੋਂ ਵੀ ਸੇਵਾਵਾਂ ਨਿਭਾਅ ਰਹੇ ਹਨ। ਰੰਧਾਵਾ ਦੀ ਜਿੱਤ ਤੋਂ ਬਾਅਦ ਇਹ ਯਕੀਨੀ ਹੋ ਜਾਵੇਗਾ ਕਿ ਉਹ ਵੀ ਸਿਰਕੱਢ ਸਿਆਸਤਦਾਨ ਹਨ ਤੇ ਆਉਣ ਵਾਲੀਆਂ ਚੋਣਾਂ ਵਿੱਚ ਕਾਂਗਰਸ ਦੇ ਮੁੱਖ ਮੰਤਰੀ ਚਿਹਰੇ ਦੇ ਦਾਅਵੇਦਾਰ ਹੋ ਸਕਦੇ ਹਨ। ਇਸ ਤੋਂ ਬਾਅਦ ਵਿਜੇ ਇੰਦਰ ਸਿੰਗਲਾ ਲਈ ਵੀ ਇਹ ਚੋਣ ਜਿੱਤਣੀ ਜ਼ਰੂਰੀ ਹੈ ਕਿਉਂਕਿ ਉਹ ਮੰਤਰੀ ਹੁੰਦੇ ਹੋਏ ਵੀ ਵਿਧਾਨ ਸਭਾ ਦੀ ਚੋਣ ਹਾਰ ਗਏ ਸਨ।



## ਦਲਵੀਰ ਗੋਲਡੀ ਨੇ ਕਾਂਗਰਸ ਤੋਂ ਦਿੱਤਾ ਅਸਤੀਫ਼ਾ, ਭਾਰਤੀ ਜਨਤਾ ਪਾਰਟੀ ’ਚ ਹੋਣਗੇ ਸ਼ਾਮਲ ?

**ਸੰਗਰੂਰ, 30 ਅਪ੍ਰੈਲ (ਆਵਾਜ਼ਿ ਕੌਮ ਬਿਊਰੋ)**-ਧੂਰੀ ਤੋਂ ਸਾਬਕਾ ਵਿਧਾਇਕ ਤੇ ਕਾਂਗਰਸ ਤੋਂ ਨਰਾਜ਼ ਚੱਲ ਰਹੇ ਦਲਵੀਰ ਗੋਲਡੀ ਨੇ ਪਾਰਟੀ ਤੋਂ ਅਸਤੀਫਾ ਦੇ ਦਿੱਤਾ ਹੈ। ਗੋਲਡੀ ਨੇ ਸੋਸ਼ਲ ਮੀਡੀਆ ਉੱਤੇ ਅਸਤੀਫ਼ਾ ਸਾਂਝਾ ਕਰਕੇ ਲਿਖਿਆ, ਭਰੇ ਮਨ ਨਾਲ ਮੈਂ ਅੱਜ ਜੋ ਫੈਸਲਾ ਲੈ ਰਿਹਾ ਹਾਂ ਇਹ ਮੇਰਾ ਪਰਿਵਾਰ ਮੇਰੇ ਸਕੇ ਸੰਬੰਧੀ ਅਤੇ ਜੋ ਵੀ ਮੈਨੂੰ ਨਿਜੀ ਤੌਰ ਤੇ ਮੇਰੇ ਸਾਥੀ ਜਾਣਦੇ ਹਨ ਓਹਨਾਂ ਨੂੰ ਇਹ ਚੰਗੀ ਤਰ੍ਹਾਂ ਪਤਾ ਹੈ ਕਿ ਮੇਰੇ ਲਈ ਇਹ ਫੈਸਲਾ ਲੈਣਾ ਕਿੰਨਾਂ ਮੁਸ਼ਿਕਲ ਸੀ। ਇਸ ਬਾਰੇ ਮੇਰਾ ਅਤੇ ਮੇਰੇ ਸਾਥੀਆਂ ਦਾ ਅੰਦਰ ਹੀ ਜਾਣਦਾ ਹੈ। ਜ਼ਿਕਰ ਕਰ ਦਈਏ ਕਿ ਸੁਖਪਾਲ ਸਿੰਘ ਖਹਿਰਾ ਨੂੰ ਸੰਗਰੂਰ ਤੋਂ ਟਿਕਟ ਮਿਲਣ ਦੇ ਬਾਅਦ ਹੀ ਗੋਲਡੀ ਨਾਰਾਜ਼ ਚੱਲ ਰਹੇ ਸੀ। ਬੀਤੇ ਦਿਨ ਵੀ ਗੋਲਡੀ ਨੇ ਸੋਸ਼ਲ ਮੀਡੀਆ ਉੱਤੇ ਇੱਕ ਪੋਸਟ ਸਾਂਝੀ ਕੀਤੀ ਸੀ ਜਿਸ ਤੋਂ ਬਾਅਦ ਇਹ ਕਿਆਫੇ ਸਨ ਕਿ ਗੋਲਡੀ ਕਦੋਂ ਵੀ ਪਾਰਟੀ ਨੂੰ ਅਲਵਿਦਾ ਆਖ ਸਕਦੇ ਹਨ। ਗੋਲਡੀ ਨੇ ਸੋਸ਼ਲ ਮੀਡੀਆ ਉੱਤੇ ਲਿਖਿਆ ਸੀ, ਸੋਚਦੇ ਹਾਂ ਇੱਕ ਨਵਾਂ, ਕੋਈ ਰਾਹ ਬਣਾ ਲਈਏ, ਕਿੰਨਾ ਚਿਰ ਉਹ ਰਾਹ ਪੁਰਾਣੇ, ਲੱਭਦੇ ਰਹਾਂਗੇ ..!! ਰੁਕ ਗਈ ਇਸ ਜ਼ਿੰਦਗੀ ਨੂੰ, ਧੱਕੇ ਦੀ ਲੋੜ ਹੈ, ਇੱਕ ਵਾਰ ਚੱਲ ਪਏ - ਤਾਂ ਫਿਰ ਵਗਦੇ ਰਹਾਂਗੇ ..!! ਹਨੇਰਿਆਂ ਦੀ ਰਾਤ ਵਿੱਚ, ਚਾਨਣ ਦੀ ਲੋੜ ਹੈ, ਦੀਵੇ ਨਹੀਂ - ਜੁਗਨੂੰ ਸਹੀ, ਪਰ ਜਗਦੇ ਰਹਾਂਗੇ ..! ਇਹ ਵੀ ਚਰਚਾਵਾਂ ਹਨ ਕਿ ਦਲਵੀਰ ਗੋਲਡੀ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਲ ਹੋ ਸਕਦੇ ਹਨ, ਉੱਥੇ ਹੀ ਭਾਰਤੀ ਜਨਤਾ ਪਾਰਟੀ ਨੇ ਸੰਗਰੂਰ ਤੋਂ ਅਜੇ ਤੱਕ ਕੋਈ ਵੀ ਉਮੀਦਵਾਰ ਨਹੀਂ ਐਲਾਨਿਆ ਹੈ ਇਸ ਲਈ ਕਿਹਾ ਜਾ ਰਿਹਾ ਹੈ ਕਿ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਲ ਹੋਣ ਤੋਂ ਬਾਅਦ ਪਾਰਟੀ ਉਨ੍ਹਾਂ ਨੂੰ ਉਮੀਦਵਾਰ ਬਣਾ ਸਕਦੀ ਹੈ।




ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ
ਦੇ ਜਨਮ ਦਿਨ ਤੇ
ਆਵਾਜ਼ਿ ਕੌਮ AWAZE QAUM International Newspaper & WEB TV
2 ਜੂਨ ਨੂੰ ਰੋਡੇ ਪੁੱਜੋ
ਬੇਨਤੀ ਕਰਤਾ
ਸੰਤ ਬਾਬਾ ਚਰਨਜੀਤ ਸਿੰਘ ਜੀ ਜੱਸੋਵਾਲ
ਦਮਦਮੀ ਟਕਸਾਲ ਭਿੰਡਰਾਂ ਵਾਲੇ
ਮੈਂਬਰ ਸ਼੍ਰੋਮਣੀ ਕਮੇਟੀ ਸ੍ਰੀ ਅੰਮ੍ਰਿਤਸਰ ਅਤੇ
ਮੁੱਖ ਬੁਲਾਰੇ ਇੰਟਰਨੈਸ਼ਨਲ ਪੰਥਕ ਦਲ

ਆਵਾਜ਼ਿ ਕੌਮ
Daily Newspaper from U.K.
Publisher/Chief Editor
Raghbir Singh Walsal
E-mail : awazeqaumtv@gmail.com
www.awazeqaumtv.com
for AWAZE QAUM Channel
https://youtu.be/LQwolgxDu7I
Contact :
+447458381111
+447976210161
+919729091243
ਆਵਾਜ਼ਿ ਕੌਮ AWAZE QAUM TV



ਭਾਈ ਰਘਬੀਰ ਸਿੰਘ ਵਾਲਸਾਲ
ਯੂ.ਕੇ. ਮੁੱਖ ਸੰਪਾਦਕ
Raghbir Singh Walsall uk

ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆਂ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ

ਦਮਦਮੀ ਟਕਸਾਲ
ਨਾਮ ਜਪੋ ਕਿਰਤ ਕਰੋ ਵੰਡ ਛਕੋ
Naam Japo Kirat Karo Vand Shako
ਜਥਾ ਭਿੰਡਰਾਂ (ਮਹਿਤਾ)
www.damdamitaksal.net
ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥
WAHEGURU JI KA KHALSA WAHEGURU JI KI FATEH
ਖੰਡੇ ਬਾਟੇ ਦੀ ਪਾਹੁਲ ਛਕ ਕੇ ਗੁਰੂ ਵਾਲੇ ਬਣੋ
Khande Bate di Pahul Shak Ke Guru Wale Bano
ਗੁਰਬਾਣੀ ਸੰਥਿਆ ਅਤੇ ਗੁਰਮਤਿ ਸਿੱਖਿਆ ਨਾਲ ਜੁੜੋ
Join Gurbani Santhia and Gurmat Sikhia
ਕੀਰਤਨ ਕਥਾ ਕਵੀਸ਼ਰੀ ਅਤੇ ਢਾਡੀ ਵਾਰਾਂ ਸਿੱਖੋ
Learn Kirtan Katha Kavishri and Dhadi Waran
ਗੁਰਮੁਖੀ ਪੰਜਾਬੀ ਸਿੱਖੋ
Learn Gurmukhi Punjabi
ਗਤਕਾ ਸਿੱਖੋ Learn Gatka
www.damdamitaksal.net

## ਅੰਮ੍ਰਿਤਪਾਲ ਸਿੰਘ ਨੂੰ ਵੋਟਾਂ ਪਾਓ



ਆਵਾਜ਼ਿ ਕੌਮ AWAZE QAUM
International Newspaper & WEB TV



ਖਡੂਰ ਸਾਹਿਬ ਹਲਕੇ ਦੇ ਗੁਰੂ ਕੇ ਪਿਆਰਿਓ, ਅੰਮ੍ਰਿਤਪਾਲ ਸਿੰਘ
ਪਿਆਰੇ ਨੂੰ ਵੋਟਾਂ ਪਾ ਜਿਤਾਅ ਦਿਓ
ਗੁਰਾਂ ਦੇ ਪੰਜਾਬ ਨੂੰ ਗੁਰਾਂ ਦਾ ਹੀ ਰਹਿਣ ਦਈਏ, ਕੁਰਸੀ ਦੇ ਭੁੱਖਿਆਂ
ਨੂੰ ਲਾਗੇ ਵੀ ਨਾ ਆਉਣ ਦਿਓ

ਬਦੀਆਂ ਕਰਨੋਂ ਨਾ ਜਿਹੜੇ ਗੁਰੇਜ਼ ਕਰਦੇ, ਉਨ੍ਹਾਂ ਰੱਜ ਕੀਤਾ
ਬਦਨਾਮ ਪੰਜਾਬ ਸਾਡਾ
ਖੱੜ੍ਹੇ ਰਹਿਣ ਨਾ ਜਿਹੜੇ ਇਮਾਨ ਉੱਤੇ, ਉਨ੍ਹਾਂ ਲੋਕਾਂ ਅਖਵਾਇਆ
ਬੇਈਮਾਨ ਪੰਜਾਬ ਸਾਡਾ
ਵਾਅਦੇ ਕਰਨ ਤੋਂ ਪਹਿਲਾਂ ਸੌ ਵਾਰ ਸੋਚੋ, ਇਨ੍ਹਾਂ ਵਾਦ ਵਿਵਾਦ ਨਾਲ
ਭਰਿਆ ਪੰਜਾਬ ਸਾਡਾ
ਦਾਅਵਿਆਂ ਨਾਲ ਨਾ ਭਲਿਓ ਭਰਮਾਓ ਦੁਨੀਆਂ, ਕੀਤਾ ਦਾਅਵਿਆਂ
ਬਰਬਾਦ ਪੰਜਾਬ ਸਾਡਾ
ਵਾਅਦਿਆਂ ਤੇ ਦਾਅਵਿਆਂ ਨੂੰ ਕੱਢ ਜ਼ਿਹਨ' ਚੋਂ, ਖਾਲਸੇ ਦਾ ਝੰਡਾ ਮੁੱੜ
ਜੱਗ'ਤੇ ਝੁਲਾਅ ਦਿਓ
ਖਡੂਰ ਸਾਹਿਬ ਹਲਕੇ......

ਦੁੱਖ ਰੋਈਏ ਤਾਂ ਰੋਈਏ ਕਿਸ ਅੱਗੇ, ਰਿਸ਼ਵਤਖੋਰੀ ਦੀ ਭੇਟ ਚੱੜ੍ਹ
ਗਿਆ ਪੰਜਾਬ ਸਾਡਾ
ਅਹੁਦੇਦਾਰਾਂ ਕੰਨੀਂ ਸਰਕੇ ਨਾ ਜੂੰ ਕੋਈ, ਨਸ਼ਿਆਂ ਦੇ ਹੱੜ ਵਿਚ ਹੱੜ
ਗਿਆ ਪੰਜਾਬ ਸਾਡਾ
ਪੰਜਾਬ ਵਸਦਾ ਹੈ ਗੁਰਾਂ ਦੇ ਨਾਂਅ ਉੱਤੇ, ਕਦੇ ਹੁੰਦਾ ਸੀ ਰੰਗਲਾ ਪੰਜਾਬ
ਸਾਡਾ
ਬੂਥੇ ਬਲ਼ਦੀ ਦੇ ਡੇਰਿਆਂ ਡਾਹ ਛੱਡਿਆ, ਅੱਜ ਹੋ ਗਿਆ ਕੰਗਲਾ
ਪੰਜਾਬ ਸਾਡਾ
ਜਿਸ ਸ਼ਕਤੀ ਨੇ ਮੱਤ ਨੂੰ ਮੱਤਹੀਣ ਕੀਤਾ, ਉਸ ਅੰਧਵਿਸ਼ਵਾਸ਼ ਦਾ
ਫਾਹਾ ਹੀ ਮੁਕਾਅ ਦਿਓ
ਖਡੂਰ ਸਾਹਿਬ ਹਲਕੇ......

ਇਨਸਾਨੀ ਜੀਵਨ ਦਾ ਇੱਥੇ ਮੁੱਲ ਕੋਈ ਨਾ, ਗੁੰਡਾਗਰਦੀ ਦਾ
ਅਖਾੜਾ ਬਣਿਆ ਪੰਜਾਬ ਸਾਡਾ
ਭਾਈ ਭਾਈ ਨੂੰ ਝੱਟ ਝਟਕਾਅ ਛੱਡੇ, ਬੇਇਤਫਾਕੀ ਦੀ ਸੂਲ਼ੀ ਚੱੜ੍ਹਿਆ
ਪੰਜਾਬ ਸਾਡਾ
ਖੁਦਗਰਜਾਂ ਗੱਦਾਰਾਂ ਛੱਡੀ ਨਾ ਕਸਰ ਕੋਈ, ਤਾਹੀਓ ਗੈਰਾਂ ਹੱਥੀਂ
ਵਿਕਿਆ ਪੰਜਾਬ ਸਾਡਾ
ਸੱਚ ਬੋਲਣੋਂ ਲਿਆ ਸਨਿਆਸ ਪੱਕਾ, ਤਾਹੀਓ ਸਿਖਰੋਂ ਹੇਠਾਂ ਡਿਗਿਆ
ਪੰਜਾਬ ਸਾਡਾ
ਜਿਨ੍ਹਾਂ ਮੇਰਾ ਮੇਰਾ ਦਾ ਚੱੜ੍ਹਿਆ ਗਰੂਰ ਰਹਿੰਦਾ, ਉਸ ਮਹਿਲ ਨੂੰ ਵੀ
ਐਤਕੀਂ ਪੂਰੀ ਤਰ੍ਹਾਂ ਢਾਹ ਦਿਓ
ਖਡੂਰ ਸਾਹਿਬ ਹਲਕੇ.....

ਚਾਰ ਚੁਫੇਰੇ ਅੱਜ ਹਾਹਾਕਾਰ ਮੱਚ ਗਈ, ਚੋਰਾਂ ਡਾਕੂਆਂ ਡਕਾਰਿਆ
ਪੰਜਾਬ ਸਾਡਾ
ਸਾਹ ਲੈਣਾ ਵੀ ਲੋਕਾਂ ਮੁਹਾਲ ਹੋਇਆ, ਮੌਕਾ ਪ੍ਰਸਤਾਂ ਮਾਰਿਆ ਪੰਜਾਬ
ਸਾਡਾ
ਅੱਜ ਰੜੇ ਮਦਾਨ ਪਿਆ ਸਿੱਖੀ ਸਿਧਾਂਤ ਸਹਿਕੇ, ਕਰਮ ਕਾਂਡਾਂ
ਨਿਗ਼ਲਿਆ ਪੰਜਾਬ ਸਾਡਾ
ਲੋਹ ਚਣੇ ਚਬਾਉਣ ਦਾ ਕਦੇ ਸੀ ਆਦੀ, ਅੱਜ ਮੋਮ ਹਾਈਂ ਪਿਗ਼ਲਿਆ
ਪੰਜਾਬ ਸਾਡਾ
ਵਾਰ ਵਾਰ ਕਦੇ ਨਾ ਮਿਲ਼ਣ ਮੌਕੇ, ਹੱਥ ਆਇਆ ਮੌਕਾ ਕਿਤੇ ਹੱਥੋਂ ਨਾ
ਗੁਆ ਲਿਓ
ਖਡੂਰ ਸਾਹਿਬ ਹਲਕੇ.....

ਸਮੁੱਚੇ ਮੁਲਕ ਦਾ ਹੁੰਦਾ ਸੀ ਅੰਨਦਾਤਾ, ਅੱਜ ਦੂਜੇ ਦਰਾਂ 'ਤੇ ਦਸਤਕ
ਦਏ ਪੰਜਾਬ ਸਾਡਾ
ਹਲੇਮੀ ਰਾਜ ਦੀ ਕਦੇ ਸੀ ਗੱਲ ਹੁੰਦੀ, ਅੱਜ ਹਰ ਪੱਖੋਂ ਹੈ ਪੀੜਤ
ਪੰਜਾਬ ਸਾਡਾ
ਉੱਠੋ ਆਪਣੇ ਦੇਸ਼ ਪੰਜਾਬ ਦੇ ਦਰਦੀਓ, ਅੱਜ ਹੰਝੂ ਦਰਦਾਂ ਦੇ ਕੇਰੇ
ਪੰਜਾਬ ਸਾਡਾ
ਸਾਬਤ ਕਰ ਵਿਖਾਓ ' ਭੇਗਲ' ਜੱਗ ਤਾਈਂ, ਜਿਉਂਦਾ ਅੱਜ ਵੀ ਹੈ ਸ਼ੇਰੇ
ਪੰਜਾਬ ਸਾਡਾ
ਜਿਸ ਸੁਨਹਿਰੀ ਰਾਜ ਦੀਆਂ ਅੱਜ ਹੋਣ ਗੱਲਾਂ, ਉਹੀ ਮੁੱੜ ਦੁਨੀਆਂ ਦੇ
ਸਾਹਮਣੇ ਲਿਆ ਦਿਓ
ਖਡੂਰ ਸਾਹਿਬ ਹਲਕੇ.....

24 SERVICE EVERYDAY HOURS
PURE AND NATURAL 100% VEGETARIAN
Enjoy Real Taste of PUNJAB
KD
FULLY A.C. HALL
Khehra VAISHNO DHABA
BREAKFAST LUNCH DINNER
OUR SPECIALIZATION : Au Important Ingredients used to Prepare Dishes are Grown in our own farmes.
Soup
Burger
Sandwich
Pizza
Grilled Breads
Continental Fast Food
Tandoori Snacks
Tandoori Breads
Biryani Khas
Beverages
Shakes
Desserts
Punjabi Snacks
South Indian
Kathi Roll
Pasta
Chines Food
Raita Salad
V.P.O. Mallian
Jalandhar-Amritsar G.T. Road
NEAR JANDIALA GURU
Contact
98610-00057, 99152-32757



We Accept Online & Card Payment


ਦੇਗ ਤੇਗ ਫ਼ਤਿਹ – ਪੰਥ ਕੀ ਜੀਤ
ਹਮ ਰਾਖਤ ਪਾਤਿਸ਼ਾਹੀ ਦਾਵਾ ॥ ਜਾਂ ਇਤ ਕੋ ਜਾਂ ਅਗਲੋ ਪਾਵਾ ॥
ਸਲਾਨਾ ਜੋੜ ਮੇਲਾ
ਧੰਨ-ਧੰਨ ਮਾਤਾ ਸਾਹਿਬ ਕੌਰ ਜੀ
ਗੁਰਮਤਿ ਸਮਾਗਮ
3 ਨਵੰਬਰ 2024 ਦਿਨ ਐਤਵਾਰ ਨੂੰ
ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂ ਵਾਲੇ
ਗੁਰਦੁਆਰਾ ਸ਼ਹੀਦਾਂ, ਜੱਸੋਵਾਲ
(ਬੱਬਰਾਂ ਦਾ ਹਾਈਕੋਰਟ)
ਸੰਤ ਬਾਬਾ ਚਰਨਜੀਤ ਸਿੰਘ ਜੱਸੋਵਾਲ
ਦਮਦਮੀ ਟਕਸਾਲ ਭਿੰਡਰਾਂ ਵਾਲੇ, ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ,
ਪ੍ਰਧਾਨ ਭਾਈ ਲਾਲੋ ਜੀ ਸੰਤ ਸਮਾਜ, ਮੁੱਖ ਬੁਲਾਰਾ ਇੰਟਰਨੈਸ਼ਨਲ ਪੰਥਕ ਦਲ
ਸੰਪਰਕ ਨੰਬਰ
98141-27470


ਸਾਬਤ ਸੂਰਤਿ ਦਸਤਾਰ ਸਿਰਾ
ਦਸਤਾਰਾਂ ਹੀ ਦਸਤਾਰਾਂ
ਰੰਧਾਵਾ ਪਗੜੀ ਸੈਂਟਰ
ਦਸਤਾਰਾਂ ਦੇ ਥਾਨ ਥੋਕ ਦੇ ਭਾਅ ਖ਼ਰੀਦਣ ਲਈ ਸੰਪਰਕ ਕਰੋ।
✤ ਦੁਨੀਆਂ ਦੇ ਕਿਸੇ ਵੀ ਕੋਨੇ 'ਚ ਦਸਤਾਰਾਂ ਮੰਗਵਾਉਣ ਲਈ ਸੰਪਰਕ ਕੀਤਾ ਜਾ ਸਕਦਾ ਹੈ।
ਇੱਥੇ ਹਰ ਤਰ੍ਹਾਂ ਦੀਆਂ ਪੱਗਾਂ ਅਤੇ ਸੁੰਦਰ ਰੁਮਾਲਾ ਸਾਹਿਬ ਮਿਲਦੇ ਹਨ।
ਰੈਣਕ ਬਾਜਾਰ, ਜਲੰਧਰ (ਪੰਜਾਬ)
ਸੰਪਰਕ ਨੰ. :
+91 98882-22446


ASA Gas Heating Solution Ltd.
Boilers
Certificates
Gas Work
Cylinders
Maintenance Services
Gas Safety Inspections
Plumbing Work
Vaillant APPROVED INSTALLER
WORCESTER Bosch Group
ਏ.ਐਸ.ਏ. ਗੈਸ ਹੀਟਿੰਗ ਸਲੂਸ਼ਨ ਲਿਮਟਿਡ ਕੰਪਨੀ ਦੇ ਮਾਲਕ ਜਾਣੇ ਪਹਿਚਾਣੇ ਗੋਲਡ ਮੈਡਲਿਸਟ ਢਾਡੀ ਜੱਥਾ ASA ਦੇ ਨੌਜਵਾਨਾਂ ਨੇ ਸ਼ੁਰੂ ਕੀਤੀ ਹੈ। ਜਿਹੜੇ ਗੈਸ ਅਤੇ ਬਿਜਲੀ ਦਾ ਕੰਮ ਬਹੁਤ ਹੀ ਤਸੱਲੀਬਖ਼ਸ਼ ਅਤੇ ਸਸਤੇ ਰੇਟਾਂ ਤੇ ਕਰਦੇ ਹਨ। ਨੌਜਵਾਨ ਬੱਚਿਆਂ ਨੇ ਨਵਾਂ ਨਵਾਂ ਆਪਣਾ ਕੰਮ ਸ਼ੁਰੂ ਕੀਤਾ ਹੈ। ਸੋ ਇਹਨਾਂ ਬੱਚਿਆਂ ਦਾ ਵੱਧ ਤੋਂ ਵੱਧ ਸਹਿਯੋਗ ਦੇਣ ਦੀ ਅਪੀਲ ਕੀਤੀ ਜਾਂਦੀ ਹੈ
Mr. Simran Singh : 0749 534 2620
asagasheatingsolutions@gmail.com
Call us now for a Free no-olbigation quote


THE GURBANI SCHOOL
THE GURBANI SCHOOL
ਗੁਰਬਾਣੀ ਦਾ ਸ਼ੁੱਧ ਉਚਾਰਣ ਸਿੱਖਣ ਲਈ
ਗੁਰਬਾਣੀ ਸਕੂਲ ਡਾਊਨਲੋਡ ਕਰੋ।
LEARN THE CORRECT PRONUNCIATION OF GURBANI IN THE CONVENIENCE OF YOUR OWN HOME
GET IT ON Google Play
Download on the App Store
12:47
THE GURBANI SCHOOL
Read Gurbani
Language & Preferences
About us
Feedback
Share app
ਆਵਾਜ਼ਿ ਕੌਮ AWAZE QAUM
International Newspaper & WEB TV
INTERACTIVE LEARNING
ਕਲਿੱਕ ਕਰੋ ਅਤੇ ਸਹੀ ਉਚਾਰਣ ਸੁਣੋ
CLICK & LISTEN TO THE CORRECT PRONUNCIATION
8
EIGHT PRAYERS AVAILABLE
ਅੱਠ ਬਾਣੀਆਂ ਸਿੱਖਣ ਲਈ ਉਪਲਬਧ ਹਨ
EIGHT DAILY PRAYERS AVAILABLE TO LEARN
AUTO SCROLL GURBANI PLAYER
ਨਾਲ ਨਾਲ ਪੜ੍ਹੋ ਅਤੇ ਉਚਾਰਣ ਸੁਧਾਰੋ
READ ALONG & IMPROVE THE PRONUNCIATION
ੳ A अ
MULTILINGUAL
ਨਿੱਤਨੇਮ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਵਿੱਚ ਉਪਲਬਧ ਹੈ।
NITNEM IS AVAILABLE IN PUNJABI, HINDI & ENGLISH

**ਬੈਲਜ਼ੀਅਮ ਈਪਰ ਵਿੱਚ ਵਿਸ਼ਵ ਯੁੱਧਾਂ 'ਚ ਸ਼ਹੀਦ ਸਿੱਖ ਫੌਜੀਆਂ ਨੂੰ ਸਮਰਪਿਤ ਸਮਾਗਮ**

# ਗਿਆਨੀ ਹਰਪ੍ਰੀਤ ਸਿੰਘ, ਰਵੀ ਸਿੰਘ ਖ਼ਾਲਸਾ ਏਡ, ਸਿੱਖ ਫੈਡਰੇਸਨ ਯੂਕੇ ਨੇ ਕੀਤੀ ਵਿਸ਼ੇਸ਼ ਸ਼ਮੂਲੀਅਤ












ਈਪਰ (ਬੈਲਜੀਅਮ) – ਸਰਬਜੀਤ ਸਿੰਘ ਬਨੂੜ – ਖਾਲਸਾ ਸਾਜਨਾ ਦਿਵਸ ਅਤੇ ਪਹਿਲੀ ਦੂਸਰੀ ਵਿਸ਼ਵ ਜੰਗ ਚ ਸ਼ਹੀਦ ਹੋਏ ਸਿੱਖ ਫੌਜੀ ਦੀ ਬਣੀ ਯਾਦਗਾਰ ਦੇ 25 ਵੇਂ ਵਰ੍ਹੇ ਗੰਢ ਦੇ ਮੌਕੇ ਈਪਰ ਵਿੱਚ ਸ਼ਹੀਦੀ ਸਮਾਗਮ ਈਪਰ ਪ੍ਰਸਾਸ਼ਨ, ਫਲਾਂਨਦਰਨ ਫੀਲਡ ਮਿਊਜ਼ੀਅਮ ਅਤੇ ਸਿੱਖਜ਼ ਔਨ ਦਿ ਵੈਸਟਰਨ ਫਰੰਟ ਵੱਲੋਂ ਸਿੱਖ ਸੰਗਤ ਦੇ ਸਹਿਯੋਗ ਨਾਲ ਕਰਵਾਇਆ ਗਿਆ। ਇਸ ਮੌਕੇ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ ਉਪਰੰਤ ਪਹਿਲੀ ਦੂਜੀ ਵਿਸ਼ਵ ਜੰਗ ਦੇ ਸਮੂਹ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀਆਂ ਗਈਆਂ। ਇਸ ਮੌਕੇ ਪੰਜਾਬ ਤੋਂ ਵਿਸ਼ੇਸ਼ ਸੱਦੇ ਤੇ ਪਹੁੰਚੇ ਤਖ਼ਤ ਸ਼੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ, ਕਥਾਵਾਚਕ ਭਾਈ ਹਰਪਾਲ ਸਿੰਘ ਫਤਹਿਗੜ ਸਾਹਿਬ, ਖ਼ਾਲਸਾ ਏਡ ਦੇ ਚੈਅਰਮੈਂਨ ਸ ਰਵੀ ਸਿੰਘ, ਸਿੱਖ ਫੈਡਰੇਸਨ ਯੂਕੇ ਦੇ ਚੈਅਰਮੈਂਨ ਭਾਈ ਅਮਰੀਕ ਸਿੰਘ ਗਿੱਲ, ਸ ਦਬਿੰਦਰਜੀਤ ਸਿੰਘ ਸਲੋਹ, ਸਾਬਕਾ ਗਵਰਨਰ ਪਾਉਲ ਬਰੈਨਏ, ਡਿਪਟੀ ਮੇਅਰ ਜਮਤਰੀ, ਸ ਰਣਜੀਤ ਸਿੰਘ ਪੱਪੂ ਸਵਿਸ, ਸ ਹਰਜੀਤ ਸਿੰਘ ਗਿੱਲ, ਪੱਤਰਕਾਰ ਸ ਹਰਜੋਤ ਸਿੰਘ ਸੰਧੂ ਹੋਲੈਂਡ, ਸਿੱਖ ਫੈਡਰੇਸਨ ਦੇ ਸੀਨੀਅਰ ਆਗੂ ਗੁਰਮੀਤ ਸਿੰਘ ਖਲਿਆਣ, ਸ ਕਸ਼ਮੀਰ ਸਿੰਘ ਫਰਾਂਸ, ਸ ਬਲਵਿੰਦਰ ਸਿੰਘ ਚਾਹਲ, ਸ ਦਲ ਸਿੰਘ ਢੇਸੀ, ਸ ਗੁਰਦਿਆਲ ਸਿੰਘ ਲਾਲੀ, ਸ ਭੂਪਿੰਦਰ ਸਿੰਘ ਹਾਲੈਂਡ, ਕੁਲਦੀਪ ਸਿੰਘ ਬੈਲਜੀਅਮ, ਹਾਈਜੈਕਰ ਗੁਰਦੀਪ ਸਿੰਘ ਪਰਦੇਸੀ, ਹਾਈਜੈਕਰ ਸ ਹਰਵਿੰਦਰ ਸਿੰਘ ਲਵਲੀ, ਸ ਮਨਜੋਤ ਸਿੰਘ, ਵੱਲੋਂ ਵਿਸ਼ਵ ਜੰਗਾਂ ਵਿੱਚ ਸਿੱਖਾਂ ਵੱਲੋਂ ਕੁਰਬਾਨੀਆਂ ਨੂੰ ਯਾਦ ਕਰਦਿਆ ਸ਼ਰਧਾਂਜਲੀ ਭੇਟ ਕੀਤੀਆਂ ਗਈਆਂ। ਬਹੁਤਾਤ ਬੁਲਾਰਿਆਂ ਨੇ ਕਿਹਾ ਸਿੱਖਾਂ ਦੀਆਂ ਕੁਰਬਾਨੀਆਂ ਕਾਰਨ ਅਜ ਯੂਰਪ ਸੁੱਖ ਦੀ ਨੀਂਦ ਸੌਂਦਾ ਹੈ। ਵਿਸ਼ਵ ਜੰਗਾਂ ਵਿੱਚ ਸਿੱਖਾਂ ਦੀਆਂ ਕੁਰਬਾਨੀਆਂ ਨੂੰ ਕਦੇ ਮਨਫ਼ੀ ਕਰਕੇ ਨਹੀ ਵੇਖਿਆ ਜਾ ਸਕਦਾ। ਇਸ ਮੌਕੇ ਮਨਪ੍ਰੀਤ ਸਿੰਘ ਖ਼ਾਲਸਾ ਵੱਲੋਂ ਤਿਹਾੜ ਜੇਲ ਵਿੱਚ ਬੰਦ ਤੇ ਸਰਬੱਤ ਖ਼ਾਲਸਾ ਵੱਲੋਂ ਸਥਾਪਤ ਜਥੇਦਾਰ ਜਗਤਾਰ ਸਿੰਘ ਹਵਾਰਾ ਦਾ ਸੰਦੇਸ਼ ਸੰਗਤਾਂ ਨੂੰ ਪੜ ਕੇ ਸੁਣਾਇਆ ਗਿਆ। ਇਸ ਮੌਕੇ ਸ ਹਰਜੋਤ ਸਿੰਘ ਸੰਧੂ ਨੇ ਕਿਹਾ ਕਿ ਸਿੱਖਾਂ ਦੀਆਂ ਕੁਰਬਾਨੀਆਂ ਕਾਰਨ ਯੂਰਪ ਦੇ ਮੁਲਕ ਅੱਜ ਅਜ਼ਾਦੀ ਦਾ ਨਿੱਘ ਮਾਣ ਰਹੇ ਹਨ। ਇਸ ਮੌਕੇ ਸਮਾਗਮ ਦੇ ਪ੍ਰਬੰਧਕ ਪੱਤਰਕਾਰ ਪਰਗਟ ਸਿੰਘ ਜੋਧਪੁਰੀ ਨੇ ਸਮੂਹ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਬਾਦ ਦੁਪਹਿਰ 'ਦੇਹ ਸਿਵਾ ਵਰ ਮੋਹਿ ਇਹੇ' ਸ਼ਬਦ ਦੀ ਧੁਨ ਇਤਿਹਾਸਿਕ ਚਰਚ ਵਿੱਚੋਂ ਵਿਸੇਸ਼ ਤੌਰ 'ਤੇ ਵਜਾਈ ਗਈ ਅਤੇ ਹੋਲੇਬੇਕੇ ਸਮਾਰਕ ਦੀ ਸਥਾਪਨਾ ਦੇ 25 ਸਾਲ ਪੂਰੇ ਹੋਣ ਦੀ ਵਰੇਗੰਢ ਮੌਕੇ ਸ਼ਹਿਰ ਦੇ ਪ੍ਰਸਾਸ਼ਨ ਅਤੇ ਫਲਾਨਦਰਨ ਫੀਲਡ ਮਿਊਜ਼ੀਅਮ ਵੱਲੋਂ ਰੀਫ ਚੜ੍ਹਾਏ ਗਏ।



(ਹੋਰ ਤਸਵੀਰਾਂ ਅਗਲੇ ਪੰਨਿਆਂ 'ਤੇ)

ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :

+447458381111 +447976210161 +919729091243





ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :


+447458381111 +447976210161 +919729091243

ਘੜੀਐ ਸਬਦੁ ਸਚੀ ਟਕਸਾਲ ॥

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਿਹ॥

# ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ ਵਿਖੇ

## Gurdwara Sahib Shaeed Baba Deep Singh ji Casalmorano Cremona (Italy)



# 6 ਜੂਨ 1984 ਦੇ 40ਵੇਂ ਘੱਲੂਘਾਰੇ ਨੂੰ ਸਮਰਪਿਤ 40 ਦਿਨ ਵਾਹਿਗੁਰੂ ਸਿਮਰਨ

**ਜੂਨ 1984 ਦੇ ਸਮੂਹ ਸ਼ਹੀਦ ਕੀਤੇ ਸਿੰਘ ਸਿੰਘਣੀਆਂ ਭੁਝੰਗੀਆਂ ਦੀਆਂ ਸ਼ਹੀਦੀਆਂ ਨੂੰ ਸਮਰਪਿਤ 40 ਦਿਨ ਨਾਮ ਸਿਮਰਨ ਕਰਵਾਇਆ ਜਾ ਰਿਹਾ ਹੈ**

• 27 ਅਪ੍ਰੈਲ ਸ਼ਨਿੱਚਰਵਾਰ ਸ਼ਾਮ 5 ਵਜੇ ਪਹਿਲੇ ਦਿਨ ਦੀ ਵਾਹਿਗੁਰੂ ਸਿਮਰਨ ਦੀ ਆਰੰਭਤਾ ਹੋਵੇਗੀ • 8 ਜੂਨ 2024 ਸ਼ਨਿੱਚਰਵਾਰ ਸ਼ਾਮ 6 ਵਜੇ ਨੂੰ ਸਮਾਪਤੀ ਹੋਵੇਗੀ

ਸਮੇਂ ਦਾ ਵੇਰਵਾ : ਹਰ ਸ਼ਨਿੱਚਰਵਾਰ ਸ਼ਾਮ 5 ਤੋਂ 6 ਵਜ਼ ਤੱਕ ਬਾਕੀ ਸਾਰੇ ਦਿਨ ਹਰ ਰੋਜ ਸ਼ਾਮ 7 ਵਜੇ ਆਰੰਭਤਾ 8 ਵਜੇ ਵਾਹਿਗੁਰੂ ਸਿਮਰਨ ਦੀ ਸਮਾਪਤੀ ਹੋਵੇਗੀ।

**☛ ਵੱਧ ਤੋਂ ਵੱਧ ਸ਼ੇਅਰ ਜ਼ਰੂਰੀ ਕਰਨਾ ਜੀ**

ਪ੍ਰਬੰਧਕ ਸੇਵਾਦਾਰਾਂ ਅਤੇ ਇੰਟਰਨੈਸ਼ਨਲ ਪੰਥਕ ਦਲ ਦੇ ਸਿੰਘਾਂ ਅਤੇ ਇਲਾਕਾ ਨਿਵਾਸੀ ਸਮੂੰਹ ਸਾਧ ਸੰਗਤਾਂ ਵੱਲੋਂ ਸੇਵਾ ਨਿਭਾਈ ਜਾਂਦੀ ਹੈ।

ਗੁਰੂ ਕਾ ਲੰਗਰ ਅਤੁੱਟ ਵਰਤੇਗਾ

ਜ਼ਰੂਰੀ ਬੇਨਤੀ : ਗੱਤਕੇ ਦੀ ਸਿਖਲਾਈ ਹਰ ਐਤਵਾਰ 11:00 ਤੋਂ 1 : 00 ਵਜੇ ਤੱਕ ਦਿੱਤੀ ਜਾਂਦੀ ਹੈ।

**★ ਗੁਰੂ ਪੰਥ ਦੇ ਦਾਸਰੇ ★**

**ਸਾਧ ਸੰਗਤ, ਪ੍ਰਬੰਧਕ ਕਮੇਟੀ**
**ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ**
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:-
ਭਾਈ ਪ੍ਰਗਟ ਸਿੰਘ (ਪ੍ਰਧਾਨ) 00393208124778
ਭਾਈ ਬਲਰਾਮ ਸਿੰਘ +393885751594
ਭਾਈ ਪ੍ਰਭਜੀਤ ਸਿੰਘ ਆਜਾਨੇਲੋ +393881079260


☛ ਸਿੱਖ ਸੰਗਤਾਂ ਦੇ ਚਰਨਾਂ ਵਿੱਚ ਬੇਨਤੀ ਹੈ । ਆਪਣਾ ਕੀਮਤੀ ਸਮਾਂ ਕੱਢਕੇ ਸਮਾਗਮਾ ਵਿਚ ਪੁਹੁੰਚਣ ਦੀ ਕ੍ਰਿਪਾਲਤਾ ਕਰੋ ਜੀ।

**Gurdwara Sahib Shaeed Baba Deep Singh ji Damdami Taksaal**
Via Giacomo Matteotti 3Cap
26020Casalmorano Cremona (IT)
E-mail : gur.damdamitaksaalitaly@gmail.com
Call+393475711755 / 3208124778

**ਸ਼ਹੀਦੀ ਦਿਵਸ ’ਤੇ ਵਿਸ਼ੇਸ਼...**

# ਚੁੱਪ ਸ਼ੈ ਬੱਚਿਆ ਹਰੀਆ ਰਾਗਲੈ....




ਜਮ.ਰੌਦ ਦੇ ਕਿਲ੍ਹੇ ਵਿਚ ਜੰਗੀ ਅਭਿਆਸ ਵਿਚ ਰੁਝੇ ਸਰਦਾਰ ਹਰੀ ਸਿੰਘ ਨਲੂਏ ਨੂੰ ਸੂਹੀਆਂ ਵਲੋਂ ਖ਼ਬਰ ਮਿਲਦੀ ਹੈ,ਕਿ ਅਫ਼ਗਾਨੀ ਧਾੜ੍ਹਵੀ ਕਿਲ੍ਹਾ ਜਮ.ਰੌਦ ਦਰਾ-ਏ-ਖ਼ੈਬਰ ਵੱਲ ਨੂੰ ਵੱਧਣ ਦੀ ਜੁਰਅਤ ਕਰ ਰਹੇ ਹਨ...

ਖ਼ਬਰ ਸੁਣਦਿਆਂ ਹੀ ਸਰਦਾਰ ਹਰੀ ਸਿੰਘ ਨਲੂਆ ਨੇ ਸ਼ੇਰਾਂ ਦੇ ਬਾਦਸ਼ਾਹ ਮਹਾਰਾਜਾ ਰਣਜੀਤ ਸਿੰਘ ਜੀ ਨੂੰ ਇਕ ਪੱਤਰ ਲਿਖ਼ ਕੇ ਸਿੱਖ ਫੌਜ਼ ਤੇ ਅਸਲੇ ਦੀ ਮੰਗ ਕੀਤੀ...

ਪਰ ਗ਼ਦਾਰ ਡੋਗਰਿਆਂ ਵਲੋਂ ਉਹ ਚਿੱਠੀ ਮਹਾਰਾਜੇ ਤੱਕ ਪੁੱਜਣ ਹੀ ਨਾ ਦਿੱਤੀ,30 ਅਪ੍ਰੈਲ ਦੀ ਸਵੇਰ ਸਰਦਾਰ ਹਰੀ ਸਿੰਘ ਨਲੂਆ ਨੇ ਜਮ.ਰੌਦ ਦੇ ਕਿਲ੍ਹੇ ਚੋਂ ਸਿੱਖ ਪਲਟਨਾਂ ਨਾਲ ਦਰਾ-ਏ-ਖ਼ੈਬਰ ਵੱਲ ਚੜ੍ਹਾਈ ਕਰਕੇ ਵੱਧਦੇ ਆ ਰਹੇ ਅਫ਼ਗਾਨ ਧਾੜ੍ਹਵੀਆਂ ਤੇ ਤਾਬੜਤੋੜ ਹਮਲਾ ਕਰ ਦਿੱਤਾ...




ਐਸੀ ਤਬਾਹੀ ਮਚਾਈ ਕਿ ਅਫ਼ਗਾਨਾਂ ਨੂੰ ਜਦੋਂ ਪਤਾ ਲੱਗਾ ਕਿ ਸਰਦਾਰ ਆਪ ਯੁੱਧ ਵਿੱਚ ਆਣ ਚੜ੍ਹਿਆ ਹੈ,ਤਾਂ ਉਨ੍ਹਾਂ ਦੇ ਐਸੇ ਹੌਸਲੇ ਪਸਤ ਹੋਏ ਡਿੱਗਦੇ/ਢਹਿੰਦੇ ਮੈਦਾਨ ਛੱਡ ਭੱਜ ਉੱਠੇ ਬਾਕੀ ਪਹਾੜਾਂ ਦੀਆਂ ਗੁਫਾਵਾਂ ਅੰਦਰ ਜਾ ਲੁਕੇ...ਆਪਣੀਆਂ 14 ਤੋਪਾਂ ਵੀ ਛੱਡ ਭੱਜੇ...

ਜਿੱਤੀ ਹੋਈ ਜੰਗ ਨੂੰ ਸੰਭਾਲਣ ਲਈ ਸਰਕਾਰ ਖਾਲਸਾ ਵਲੋਂ ਸਿੰਘਾਂ ਤੇ ਅਸਲੇ ਦੀ ਮੱਦਦ ਦੀ ਜਰੂਰਤ ਸੀ,ਜੋ ਗ਼ਦਾਰ ਡੋਗਰਿਆਂ ਨੇ ਪਹੁੰਚਣ ਨਾ ਦਿੱਤੀ,ਗਿਣਤੀ ਦੇ ਬਚੇ ਸਿੰਘਾਂ ਚੋਂ ਸਰਦਾਰ ਨਿਧਾਨ ਸਿੰਘ ਪੰਜਹੱਥਾ ਤੇ ਅਜਾਇਬ ਸਿੰਘ ਖ਼ੈਬਰ ਦੀਆਂ ਗੁਫਾਵਾਂ ਵਿਚੋਂ ਧਾੜ੍ਹਵੀਆਂ ਨੂੰ ਲੱਭ/ਲੱਭ ਸੋਧਣ ਲੱਗੇ... ਸਰਦਾਰ ਨੇ ਚੇਤਾਵਨੀ ਦਿੱਤੀ ਕਿ ਇਹ ਪਿੱਠ ਵਿਚ ਵਾਰ ਕਰਨ ਵਾਲੇ ਲੋਕਾਂ ਦਾ ਕੋਈ ਪਤਾ ਨਹੀ ਸਿੰਘੋ ਵਾਪਿਸ ਆਓ,ਉਹੀ ਹੋਇਆ ਅਚਾਨਕ ਇਕ ਗੋਲ਼ੀ ਅਜਾਇਬ ਸਿੰਘ ਦੇ ਲੱਗਦੀ ਹੈ ਉਹ ਥਾਂ ਹੀ ਢੇਰੀ ਹੋ ਜਾਂਦਾ ਹੈ,ਉਸਨੂੰ ਸੰਭਾਲਣ ਲੱਗੇ ਸਰਦਾਰ ਹਰੀ ਸਿੰਘ ਨਲੂਏ ਸ਼ੇਰ ਦੇ ਦੋ ਗੋਲ਼ੀਆਂ ਸਿੱਧੀਆਂ ਆਣ ਵੱਜੀਆਂ...ਪਰ ਜ਼ਖ਼ਮੀ ਸ਼ੇਰ ਨਲੂਏ ਨੇ ਗਰਜਵੀਂ ਆਵਾਜ਼ ਵਿਚ ਕਿਹਾ ਏਥੇ ਛੁਪੇ ਸਾਰੇ ਧਾੜ੍ਹਵੀ ਸੋਧ ਦਿਓ ਸਿੰਘਾਂ ਨੇ ਲੱਭ/ਲੱਭ ਕੇ ਧਾੜ੍ਹਵੀ ਸੋਧੇ ਪਰ ਉਨੇ ਚਿਰ ਨੂੰ ਭਾਣਾਂ ਵਾਪਰ ਚੁੱਕਾ ਸੀ...

ਅੱਜ ਦੀ ਸ਼ਾਮ ਖਾਲਸਾ ਰਾਜ ਦਾ ਮਹਾਨ ਜਰਨੈਲ ਇਕੱਲਾ ਘੋੜ੍ਹੇ ਤੇ ਚੜ੍ਹਿਆ ਜਦੋਂ ਕਿਲ੍ਹਾ ਜਮ.ਰੌਦ ਪਹੁੰਚਿਆ ਤਾਂ ਸਰਦਾਰ ਮਹਾਂ ਸਿੰਘ ਨੇ ਬੜ੍ਹੀ ਮੁਸ਼ਿਕਲ ਨਾਲ ਹੇਠਾਂ ਉਤਾਰਿਆ,ਸਰਦਾਰ ਨੇ ਕਿਹਾ ਸਾਡਾ ਸਮਾਂ ਆ ਗਿਆ ਹੈ ਜਲਦ ਤੋਂ ਜਲਦ ਸਾਰੇ ਸਿੰਘਾਂ ਨੂੰ ਆਪਣੇ ਨੇੜ੍ਹੇ ਸੱਦਿਆ,ਸਰਦਾਰ ਕਹਿਣ ਲੱਗਾ....

ਸਿੰਘੋ ਏਨਾ ਕਾਲੇ ਪਰਬਤਾਂ ਵਿਚ ਖਾਲਸਾਈ ਝੰਡੇ ਦੀ ਸ਼ਾਨ ਬਰਕਰਾਰ ਰੱਖਣੀ ਪੰਥ ਦੀ ਆਨ ਸ਼ਾਨ ਲਈ ਡਟੇ ਰਹਿਣਾ,ਮੇਰੀ ਮੌਤ ਗੁਪਤ ਰੱਖਣੀ,ਦੁਸ਼ਮਣ ਨੂੰ ਭੈਅ ਬਣਿਆਂ ਰਹੇਗਾ,ਏਨਾ ਕਹਿੰਦਿਆਂ ਕਸੂਰ,ਮੁਲਤਾਨ, ਕਸ਼ਮੀਰ,ਪਿਸ਼ਾਵਰ,ਕਾਬਲ ਤੱਕ ਜੇਤੂ ਜਰਨੈਲ ਸਦਾ ਲਈ ਅਕਾਲ ਦੀ ਗੋਦ ਵਿਚ ਬਿਰਾਜ ਗਿਆ...

ਅੱਜ ਦੀ ਸ਼ਾਮ ਕਿਲ੍ਹੇ ਜਮ.ਰੌਦ ਦੇ ਅੰਦਰ ਹੀ ਚੜ੍ਹਦੇ ਪਾਸੇ ਸਰਦਾਰ ਦੀ ਚਿਖਾ ਚਿਣ.ਕੇ ਸਸਕਾਰ ਕਰ ਦਿੱਤਾ ਗਿਆ,ਸਦੀਆਂ ਤੋਂ ਹਮਲਾਵਰ ਦਰਾ-ਏ-ਖੈਬਰ ਤੋਂ ਚੜ੍ਹਕੇ ਆਉਦੇ ਰਹੇ,ਪਰ 16 ਦਸੰਬਰ 1836 ਵਿਚ ਸਰਦਾਰ ਹਰੀ ਸਿੰਘ ਨਲੂਆ ਵਲੋਂ ਖ਼ੈਬਰ ਵਿਖੇ ਕਿਲ੍ਹਾ ਜਮ.ਰੌਦ ਬਣਾਂ ਕੇ ਧਾੜ੍ਹਵੀਆਂ ਦਾ ਸਦਾ ਲਈ ਰਾਹ ਬੰਦ ਕਰ ਦਿੱਤਾ,ਜੋ ਅੱਜ ਤੱਕ ਬੰਦ ਹੈ।

ਅਫ਼ਗ਼ਾਨਿਸਤਾਨ ਵਿਚ ਜਾ ਕੇ ਸੰਸਾਰ ਦੇ ਜੇਤੂ ਜਰਨੈਲ ਵਲੋਂ ਕਿਲ੍ਹੇ ਦਾ ਨਾਮ ਫਤਿਹਗੜ੍ਹ ਰੱਖਿਆ ਗਿਆ,ਜੋ ਅਫ਼ਗਾਨਾ ਤੇ ਜਿੱਤ ਦਾ ਪ੍ਰਤੀਕ ਸੀ,ਸਰਦਾਰ ਨੇ ਕਾਲੇ ਪਹਾੜਾਂ ਵਿਚ ਦਸ/ਦਸ ਫੁੱਟ ਚੌੜੀਆਂ ਕੰਧਾਂ ਵਾਲਾ ਕਿਲ੍ਹਾ ਮਹਿਜ 54 ਦਿਨਾਂ ਵਿਚ ਬਣਵਾਇਆ ਸੀ...

ਲੋਕ ਏਨਾ ਪਿਆਰ ਕਰਦੇ ਸਨ ਕਿ 1834 ਵਿਚ ਪਿਸ਼ਾਵਰ ਤੇ ਜਿੱਤ ਸਮੇਂ ਉਥੋਂ ਦੇ ਮੁਸਲਿਮ ਅਤੇ ਹਿੰਦੂਆਂ ਦੀਪਮਾਲਾ ਕੀਤੀ ਸੀ,ਪਰ ਡੋਗਰਿਆਂ ਦੀਆਂ ਗ਼ਦਾਰੀਆਂ ਕਰਕੇ ਅੱਜ ਦੇ ਦਿਨ ਹੱਥਾਂ ਨਾਲ ਸ਼ੇਰਾਂ ਦਾ ਸ਼ਿਕਾਰ ਕਰਨ ਵਾਲਾ ਜਰਨੈਲ ਸ਼ਹਾਦਤ ਦਾ ਜ਼ਾਮ ਪੀ ਗਿਆ,ਧਾੜ੍ਹਵੀਆਂ ਦੇ ਘਰਾਂ ਵਿੱਚ ਸਰਦਾਰ ਦਾ ਏਨਾ ਡਰ ਸੀ ਕਿ ਰਾਤ ਨੂੰ ਰੋਂਦੇ ਬੱਚੇ ਨੂੰ ਚੁੱਪ ਕਰਾਉਣ ਲਈ ਕਹਿੰਦੀਆਂ ਸਨ...

ਚੁੱਪ ਸ਼ੈ ਬੱਚਿਆਂ ਹਰੀਆ ਰਾਗਲੈ
ਕਿ ਪੁੱਤ ਚੁੱਪ ਕਰ ਜਾਓ ਸਰਦਾਰ ਹਰੀ ਸਿੰਘ ਆ ਜਾਵੇਗਾ ।

**-ਸ਼ਮਸ਼ੇਰ ਸਿੰਘ ਜੇਠੂਵਾਲ**

**ਖਾਲਸਾ ਕਾਲਜ ਮਹਿਤਾ ਵਿਖੇ**

# ਗੁਰੂ ਅਰਜਨ ਦੇਵ ਜੀ ਦੇ ਪ੍ਰਕਾਸ਼ ਪੁਰਬ ਤੇ ਵਿਸ਼ੇਸ਼ ਸੈਮੀਨਾਰ ਦਾ ਆਯੋਜਨ ਕੀਤਾ ਗਿਆ

ਚੌਕ ਮਹਿਤਾ, 29 ਅਪਰੈਲ (ਬਾਬਾ ਸੁਖਵੰਤ ਸਿੰਘ ਚੰਨਣਕੇ)ਦਮਦਮੀ ਟਕਸਾਲ ਦੇ ਮੁਖੀ ਅਤੇ ਸੰਤ ਸਮਾਜ ਦੇ ਪ੍ਰਧਾਨ ਸ਼੍ਰੀ ਮਾਨ ਸੰਤ ਗਿਆਨੀ ਹਰਨਾਮ ਸਿੰਘ ਜੀ ਖ਼ਾਲਸਾ ਭਿਡਰਾਂਵਾਲ਼ਿਆਂ ਜੀ ਦੀ ਰਹਿਨੁਮਾਈ ਹੇਠ ਚੱਲ ਰਹੇ ਵਿੱਦਿਅਕ ਅਦਾਰੇ ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਕਾਲਜ ਵਿਖੇ ਪੰਜਵੀਂ ਪਾਤਸ਼ਾਹੀ ਸ਼ਹੀਦਾਂ ਦੇ ਸਰਤਾਜ ਸਾਹਿਬ ਸ਼੍ਰੀ ਗੁਰੂ ਅਰਜਨ ਦੇਵ ਜੀ ਦੇ ਪ੍ਰਕਾਸ਼ ਪੁਰਬ ਤੇ ਵਿਸ਼ੇਸ਼ ਸੈਮੀਨਾਰ ਕਰਵਾਇਆ ਗਿਆ। ਜਿਸ ਮੌਕੇ ਵਿਦਿਆਰਥੀਆਂ ਨੇ ਪਾਤਸ਼ਾਹ ਦੇ ਜੀਵਨ ਨੂੰ ਕਵਿਤਾਵਾਂ,ਸ਼ਬਦ, ਭਾਸ਼ਣ ਅਤੇ ਪੋਸਟਰ ਆਦਿ ਦੁਆਰਾ ਪੇਸ਼ ਕੀਤਾ। ਇਸ ਮੌਕੇ ਕਾਲਜ ਦੇ ਪ੍ਰਿੰਸੀਪਲ ਸ.ਗੁਰਦੀਪ ਸਿੰਘ ਜਲਾਲ ਉਸਮਾ ਨੇ ਗੁਰੂ ਸਾਹਿਬ ਜੀ ਦੇ ਜੀਵਨ ਨੂੰ ਵਿਦਿਆਰਥੀਆਂ ਨਾਲ ਸਾਂਝਾ ਕਰਦਿਆਂ ਦੱਸਿਆ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਜਨਮ ਸ੍ਰੀ ਗੁਰੂ ਰਾਮਦਾਸ ਜੀ ਦੇ ਘਰ ਬੀਬੀ ਭਾਨੀ ਜੀ ਦੀ ਕੁੱਖੋਂ ਗੋਇੰਦਵਾਲ ਸਾਹਿਬ (ਪੰਜਾਬ) ਵਿਖੇ 1563 ਈਸਵੀ ਨੂੰ ਹੋਇਆ।ਸ੍ਰੀ ਗੁਰੂ ਅਰਜਨ ਦੇਵ ਜੀ ਗੁਰੂ ਰਾਮਦਾਸ ਜੀ ਦੇ ਸਭ ਤੋਂ ਛੋਟੇ ਪੁੱਤਰ ਸਨ। ਇਸ ਤੋਂ ਇਲਾਵਾ ਉਹਨਾਂ ਨੇ ਗੁਰੂ ਸਾਹਿਬ ਦੁਆਰਾ ਰਚਿਤ ਬਾਣੀ , ਸੱਚਖੰਡ ਹਰਮੰਦਿਰ ਸਾਹਿਬ ਦੀ ਸਥਾਪਨਾ ਅਤੇ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ, ਦਸਵੰਧ ਪ੍ਰਥਾ ਆਦਿ ,ਦਾ ਵਰਣਨ ਕੀਤਾ ਗੁਰੂ ਸਾਹਿਬ ਸਿੱਖਾਂ ਦੇ ਪਹਿਲੇ ਸ਼ਹੀਦ ਗੁਰੂ ਹੋਏ ਹਨ, ਜਿੰਨਾ ਨੂੰ ਸ਼ਹੀਦੀ ਸਮੇਂ ਤੱਤੀ ਤਵੀ ਤੇ ਬਿਠਾਇਆ ਗਿਆ ਗੁਰੂ ਸਾਹਿਬ ਦੀ ਸ਼ਹਾਦਤ ਸਮੂਹ ਸਿੱਖ ਕੌਮ ਨੂੰ ਸਿਦਕ, ਨਿਡਰਤਾ,ਅਤੇ ਧਰਮ ਵਿੱਚ ਪੱਕੇ ਰਹਿਣ ਦਾ ਸਬਕ ਸਿਖਾਉਂਦੀ ਹੈ। ਇਸ ਮੌਕੇ ਤੇ ਗਿਆਨੀ ਸਾਹਿਬ ਸਿੰਘ ਜੀ, ਕਾਲਜ ਦੇ ਪ੍ਰਿੰ.ਸ.ਗੁਰਦੀਪ ਸਿੰਘ ਜਲਾਲ ਉਸਮਾ, ਮੈਡਮ ਕੁਲਦੀਪ ਕੌਰ,ਸ.ਸੁਖਦੇਵ ਸਿੰਘ, ਮੈਡਮ ਨੰਦਾ, ਰਾਜਬੀਰ ਕੌਰ ਮਨਜੀਤ ਕੌਰ, ਕਿਰਨਬੀਰ ਕੌਰ, ਪੂਰਤੀ ਸ਼ਰਮਾ,ਗੁਰਵਿੰਦਰ ਕੌਰ,ਗੁਰਸ਼ਰਨਪ੍ਰੀਤ ਕੌਰ,ਰੁਪਿੰਦਰ ਕੌਰ, ਕੁਲਜੀਤ ਕੌਰ, ਸੁਪਰੀਤ ਕੌਰ, ਨਵਨੀਤ ਕੌਰ,ਕਾਬਲ ਸਿੰਘ ਪੁਰਬਾ ਆਦਿ ਵੀ ਸ਼ਾਮਿਲ ਸਨ।



# ਕੀ ਗੁਰੂ ਦੇ ਕੌਤਕਾਂ ਉਪਰ ਸਵਾਲ ਕਰਨ ਵਾਲਾ ਪੰਥਕ ਹੁੰਦਾ ਹੈ ?





ਮੈਂ ਉਸ ਟਾਈਮ ਹੈਰਾਨ ਹੋ ਗਿਆ ਜਦ ਭਾਈ ਅਜਮੇਰ ਸਿੰਘ ਨੂੰ ਸਰਬਜੀਤ ਸਿੰਘ ਧੂੰਦੇ ਦਾ ਹੇਜ ਜਾਗਿਆ , ਕੀ ਭਾਈ ਅਜਮੇਰ ਸਿੰਘ ਜੀ ਗੁਰਬਾਣੀ ਤੇ ਕਿੰਤੂ ਕਰਨ ਵਾਲਾ ਪੰਥਕ ਹੁੰਦਾ ਹੈ ? ਕੀ ਜਾਪੁ ਸਾਹਿਬ ਦੀ ਬਾਣੀ ਤੇ ਸੋਟੀਆਂ ਮਾਰਨ ਵਾਲਾ ਪੰਥਕ ਹੁੰਦਾ ਹੈ ?

ਕੀ ਗੁਰੂ ਦੇ ਕੌਤਕਾਂ ਉਪਰ ਸਵਾਲ ਕਰਨ ਵਾਲਾ ਪੰਥਕ ਹੁੰਦਾ ਹੈ ?

ਕੀ ਵਾਹਿਗੁਰੂ ਸਿਮਰਨ ਨੂੰ ਤੋਤਾ ਰੱਟਣ ਵਾਲੀ ਜਮਾਤ ਪੰਥਕ ਹੋ ਸਕਦੀ ਹੈ ?

ਵੀਹਵੀਂ ਸਦੀ ਦੇ ਮਹਾਨ ਸੰਤ ਦਮਦਮੀ ਟਕਸਾਲ ਦੇ ਚੌਦਵੀਂ ਮੁਖੀ , ਨੌਜਵਾਨਾਂ ਦੇ ਦਿਲਾਂ ਦੀ ਧੜਕਣ, (ਬਾਹੂ ਬਲੀ ਬਾਹੂ ਦੰਡ ਸ਼ਤਰੂ ਤੇ ਗੁਰੂਮਾਂ)’ਸਿਰੀ ਮਾਨ ਸੰਤ ਗਿਆਨੀ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਮਹਾਪੁਰਸ਼, ਸਾਰੇ ਪੰਥ ਨੇ ਜਿਹਨਾਂ ਨੂੰ ਸੰਤ ਮਨਿਆ, ਪਰ ਭਾਈ ਅਜਮੇਰ ਸਿੰਘ ਜੇ ਤੇਰੇ ਹੇਜਲਿਆਂ ਵਾਸਤੇ ਉਹ ਵੀ ਸੰਤ ਨਹੀ ਤੇ ਤੈਨੂੰ ਹਝੇ ਵੀ ਇਹ ਪੰਥਕ ਲਗੀ ਜਾਂਦੇ ਨੇ ?

ਧੰਨ ਗੁਰੂ ਨਾਨਕ ਸਾਹਿਬ ਜੀ ਦੇ ਨਾਲ ਰਹਿਣ ਵਾਲੇ ਦੋ ਮਹਾਨ ਸਿਖਾਂ ਵਿੱਚੋ ਭਾਈ ਬਾਲੇ ਨਾਲ ਨਫਰਤ ਰੱਖਣ ਵਾਲੇ ਤੁਹਾਨੂੰ ਪੰਥਕ ਲਗਦੇ ਨੇ ?

ਭਾਈ ਮੱਖਣ ਸ਼ਾਹ ਲੁਬਾਣੇ ਦੇ ਇਤਿਹਾਸ ਤੋਂ ਮੁਨਕਰ , ਗੁਰੂ ਤੇਗ ਬਹਾਦੁਰ ਸਾਹਿਬ ਮਹਾਰਾਜ ਦੇ ਤਪ ਤੋਂ ਮੁਨਕਰ ,ਹੇਮਕੁੰਟ ਸਾਹਿਬ ਤੋਂ ਮੁਨਕਰ ,ਸੰਗ੍ਰਾਂਦਾਂ ਤੋਂ ਮੁਨਕਰ ,ਮੱਸਿਆ ਤੋਂ ਮੁਨਕਰ ,

ਜੇ ਕੋਈ ਸਿੱਖ ਅਖੰਡ ਪਾਠ ਸਾਹਿਬ ਕਰਵਾਕੇ ਪੁੱਤਰ ਦੀ ਅਰਦਾਸ ਕਰਵਾਵੇ ਓਹਨੂੰ ਪਖੰਡ ਦਸਣ ਵਾਲੇ ਪੰਥਕ ਹੋ ਸਕਦੇ ਨੇ ?

ਪਤਾ ਨਹੀ ਇਹੁ ਜਹੀਆਂ ਕਿੰਨੀਆ ਕ ਗਿਣਾਵਾਂ ਹਜਾਰਾਂ ਚਾਲਾਂ ਚਲਣ ਵਾਲੇ ਤੁਹਾਨੂੰ ਪੰਥਕ ਲਗਦੇ ਨੇ ?

ਇਹ ਕਾਮਰੇਡੀ ਹੇਜ ਕਿਤੇ ਪੁਰਾਣਾ ਤੇ ਨਹੀ ਜਾਗ ਗਿਆ ? ਭਾਉ ਅਮ੍ਰਿਤਪਾਲ ਸਿੰਘ ਨਾਲ ਜੇ ਤੇਰੀ ਕਿਸੇ ਗਲੋਂ ਨਹੀ ਬਣਦੀ ਤੇ ਸਿਧੀ ਗੱਲ ਕਰੋ ਪਰ ਕਾਮਰੇਡੀ ਵਾਲੀ ਐਨਕ ਲਾਹ ਕੇ ?

**-ਜਤਿੰਦਰ ਸਿੰਘ**

# ਨੈਸ਼ਨਲ ਤੰਬਾਕੂ ਕੰਟਰੋਲ ਪ੍ਰੋਗਰਾਮ ਸੰਬਧੀ ਡੀ.ਐਲ.ਸੀ.ਸੀ ਦੀ ਕਰਵਾਈ ਮੀਟਿੰਗ




**ਚੌਕ ਮਹਿਤਾ, 30 ਅਪ੍ਰੈਲ (ਬਾਬਾ ਸੁਖਵੰਤ ਸਿੰਘ ਚੰਨਣਕੇ )**-ਸਿਹਤ ਵਿਭਾਗ ਵਲੋਂ ਏ.ਡੀ.ਸੀ. ਮੈਡਮ ਜਯੋਤੀ ਬਾਲਾ ਮੱਟੂ ਜੀ ਦੀ ਪ੍ਰਧਾਨਗੀ ਹੇਠਾਂ ਜਿਲ੍ਹਾ ਕੰਪਲੈਕ ਮੀਟਿੰਗ ਹਾਲ ਵਿਖੇ ਨੈਸ਼ਨਲ ਤੰਬਾਕੂ ਕੰਟਰੋਲ ਪ੍ਰੋਗਰਾਮ ਸੰਬਧੀ ਡੀ.ਐਲ.ਸੀ.ਸੀ.(ਡਿਸਟ੍ਰਿਕਟ ਲੈਵਲ ਕੋਆਰਡੀਨੇਸ਼ਨ ਕਮੇਟੀ) ਦੀ ਮੀਟਿੰਗ ਕਰਵਾਈ ਗਈ। ਇਸ ਮੀਟਿੰਗ ਵਿਚ ਪੰਜਾਬ ਪੁਲਿਸ ਵਿਭਾਗ, ਸਿਖਿਆ ਵਿਭਾਗ, ਪ੍ਰਈਵੇਟ ਕਾਲਜਾਂ ਦੇ ਨੁਮਾਇੰਦੇ, ਰੂਰਲ ਡਿਵੈਪਮੈਂਟ ਵਿਭਾਗ, ਮੁਨੀਸੀਪਲ ਕਾਰਪੋਰੇਸ਼ਨ ਦੇ ਨੁਮਾਇੰਦੇ ਅਤੇ ਐਨ.ਜੀ.ਓ. ਵਲੋਂ ਜਨਰੇਸ਼ਨ ਸੇਵੀਅਰ ਐਸੋਸੀਏਸ਼ਨ(ਚੰਡੀਗੜ੍ਹ) ਦੇ ਨੁਮਾਇੰਦੇ ਵਿਸ਼ੇਸ਼ ਤੌਰ ਤੇ ਸ਼ਾਮਲ ਹੋਏ। ਇਸ ਅਵਸਰ ਤੇ ਸੰਬੋਧਨ ਕਰਦਿਆਂ ਡਿਪਟੀ ਡਾਇਰੈਕਟਰ(ਡੈਂਟਲ) ਕਮ ਡੀ.ਡੀ.ਐਚ.ਓ. ਡਾ ਜਗਨਜੋਤ ਕੌਰ ਨੇ ਕਿਹਾ ਕਿ ਪੰਜਾਬ ਨੂੰ ਤੰਬਾਕੂ ਮੁਕਤ ਕਰਨ ਲਈ ਸਾਰੇ ਵਿਭਾਗਾਂ ਨੂੰ ਰਲ-ਮਿਲ ਕੇ ਕਦਮ ਚੁੱਕਣ ਦੀ ਲੋੜ ਹੈ। ਜਿਲ੍ਹਾ ਅੰਮ੍ਰਿਤਸਰ ਵਿਚ ਬਹੁਤਾਰੇ ਪਿੰਡ ਤੰਬਾਕੂ ਮੁਕਤ ਹੋ ਚੁੱਕੇ ਹਨ, ਪਰ ਅਜੇ ਵੀ ਸ਼ਹਿਰੀ ਖੇਤਰਾਂ ਵਿਚ ਬਹੁਤ ਸਾਰਾ ਕੰਮ ਕੀਤਾ ਜਾਣਾਂ ਬਾਕੀ ਹੈ।ਸਿਹਤ ਵਿਭਾਗ ਵਲੋਂ ਲਗਾਤਾਰ ਚਲਾਣ ਕੱਟੇ ਜਾ ਰਹੇ ਹਨ ਅਤੇ ਜਾਗਰੂਕਤਾ ਕੈਂਪ ਲਗਾ ਕੇ ਲੋਕਾਂ ਨੂੰ ਤੰਬਾਕੂ ਦੇ ਮਾੜੇ ਪ੍ਰਭਾਵਾਂ ਪ੍ਰਤੀ ਸੁਚੇਤ ਕੀਤਾ ਜਾ ਰਿਹਾ ਹੈ।ਉਹਨਾਂ ਸਾਰੇ ਵਿਭਾਗਾਂ ਨੂੰ ਅਪੀਲ ਕੀਤੀ ਕਿ ਸਾਰੇ ਵਿਭਾਗ ਆਪਣੇ ਅਧਿਕਾਰ ਖੇਤਰ ਅੰਦਰ ਕੋਟਪਾ ਐਕਟ ਦੀ ਪਾਲਣਾਂ ਨੂੰ ਯਕੀਨੀ ਬਣਾਓਣ ਅਤੇ ਤੰਬਾਕੂ ਮੁਕਤ ਪੰਜਾਬ ਵਿਚ ਆਪਣਾਂ ਯੋਗਦਾਨ ਪਾਓਣ।

ਇਸ ਮੌਕੇ ਜਨਰੇਸ਼ਨ ਸੇਵੀਅਰ ਐਸੋਸੀਏਸ਼ਨ(ਚੰਡੀਗੜ੍ਹ) ਵਲੋਂ ਡਾ ਆਸਥਾ, ਐਡਵੋਕੇਟ ਗੁਰਪ੍ਰੀਤ ਸਿੰਘ, ਜਿਲ੍ਹਾ ਐਮ.ਈ.ਆਈ.ਓ. ਅਮਰਦੀਪ ਸਿੰਘ, ਡਾ ਲਖਵਿੰਦਰ ਸਿੰਘ, ਡਾ ਜਸਪ੍ਰੀਤ ਕੌਰ, ਡਾ ਤਰਨਦੀਪ ਕੌਰ, ਡਾ ਗੁਰਸੇਵਕ ਸਿੰਘ, ਡਾ ਸ਼ਬਨਮ, ਡਾ ਸਿਮਰਨਜੀਤ ਸਿੰਘ, ਡਾ ਪਲੱਵੀ ਅਤੇ ਸਮੂਹ ਸਟਾਫ ਹਾਜਰ ਸੀ।

ਆਵਾਜ਼ਿ ਕੌਮ AWAZE QAUM International Newspaper & WEB TV

### ਪੁਲਸ ਨੇ ਕੀਤੇ ਸਖਤ ਸੁਰੱਖਿਆ ਪ੍ਰਬੰਧ

# ਸਲੋਹ 'ਚ ਖ਼ਾਲਸਾ ਸਾਜਨਾ ਦਿਵਸ 'ਤੇ ਨਗਰ ਕੀਰਤਨ ਸਜਾਇਆ

**ਸੰਗਤਾਂ ਨੇ ਨਗਰ ਕੀਰਤਨ ਦੇ ਰਸਤੇ ਵਿੱਚ ਥਾਂ-ਥਾਂ ਤੇ ਲੰਗਰਾਂ ਦਾ ਪ੍ਰਬੰਧ ਕੀਤਾ ਹੋਇਆ ਸੀ ਤੇ ਰਸਤੇ ਵਿੱਚ ਹਰ ਸਟਾਲ ਤੇ ਖਾਲਿਸਤਾਨ ਦੇ ਝੰਡੇ ਝੂਲ ਰਹੇ ਸਨ ਉੱਥੇ ਨੌਜਵਾਨਾਂ ਵੱਲੋਂ ਸ਼ਹੀਦ ਸਿੰਘਾਂ ਦੀਆਂ ਤਸਵੀਰ ਲਾ ਕੇ ਖਾਲਿਸਤਾਨ ਪੱਖੀ ਵਾਰਾਂ ਗਾਈਆਂ ਜਾ ਰਹੀਆਂ ਸਨ**











ਸਲੋਹ,30 ਅਪ੍ਰੈਲ (ਸਰਬਜੀਤ ਸਿੰਘ ਬਨੂੜ)-ਸਲੋਹ 'ਚ ਖ਼ਾਲਸਾ ਸਾਜਨਾ ਦਿਵਸ ਬੜੀ ਧੂਮ ਧਾਮ ਨਾਲ ਮਨਾਇਆ ਗਿਆ। ਖ਼ਾਲਸਾ ਸਾਜਨਾ ਦਿਵਸ ਤੇ ਗੁਰਦਵਾਰਾ ਸ਼੍ਰੀ ਗੁਰੂ ਸਿੰਘ ਸਭਾ ਸਲੋਹ ਤੇ ਰਾਮਗੜ੍ਹੀਆ ਸਿੱਖ ਗੁਰਦਵਾਰਾ ਦੀਆਂ ਪ੍ਰਬੰਧਕ ਕਮੇਟੀਆਂ ਦੇ ਸਹਿਯੋਗ ਨਾਲ ਨਗਰ ਕੀਰਤਨ ਸਜਾਇਆ ਗਿਆ ਜਿਸ ਵਿੱਚ ਹਜ਼ਾਰਾਂ ਗੁਰੂ ਨਾਨਕ ਲੇਵਾ ਸੰਗਤਾਂ ਨੇ ਸ਼ਬਦ ਗੁਰੂ ਨੂੰ ਨਤਮਸਤਕ ਹੋਈਆ। ਵਰ੍ਹਦੇ ਮੀਂਹ ਵਿੱਚ ਗੁਰਦਵਾਰਾ ਸ਼੍ਰੀ ਗੁਰੂ ਸਿੰਘ ਸਭਾ ਸਲੋਹ ਸ਼ੀਹੀ ਵੇਅ ਤੋਂ ਨਗਰ ਕੀਰਤਨ ਪੰਜ ਨਿਸ਼ਾਨਚੀ, ਪੰਜ ਪਿਆਰਿਆਂ ਦੀ ਅਗਵਾਈ ਤੇ ਸ਼ਬਦ ਗੁਰੂ ਦੀ ਛਤਰ ਛਾਇਆ ਹੇਠ ਆਰੰਭ ਹੋਇਆ। ਸਭ ਤੋਂ ਅੱਗੇ ਨਗਾਰਾ ਤੇ ਸਿੰਘ ਨਗਾਰਾ ਵਜਾ ਰਹੇ ਸਨ। ਵਰ੍ਹਦੇ ਮੀਹ ਵਿੱਚ ਨੰਗੇ ਪੈਰ ਸੰਗਤਾਂ ਸੇਵਾ ਕਰ ਰਹੀਆਂ ਸਨ ।ਸੰਗਤਾਂ ਸਤਿਨਾਮ ਵਾਹਿਗੁਰੂ ਦਾ ਜਾਪ ਕਰਦੀਆਂ ਸੋਹਣੇ ਫੁੱਲਾਂ ਵਿੱਚ ਸੌਸੌਬਿਤ ਗੁਰੂ ਗ੍ਰੰਥ ਸਾਹਿਬ ਵਾਲੇ ਪਾਲਕੀ ਵਾਲੇ ਟਰੱਕ ਪਿੱਛੇ ਤੁਰ ਰਹੀਆਂ ਸਨ। ਇਸ ਮੌਕੇ ਸੰਗਤਾਂ ਨੇ ਨਗਰ ਕੀਰਤਨ ਦੇ ਰਸਤੇ ਵਿੱਚ ਥਾਂ-ਥਾਂ ਤੇ ਲੰਗਰਾਂ ਦਾ ਪ੍ਰਬੰਧ ਕੀਤਾ ਹੋਇਆ ਸੀ ਤੇ ਰਸਤੇ ਵਿੱਚ ਹਰ ਸਟਾਲ ਤੇ ਖਾਲਿਸਤਾਨ ਦੇ ਝੰਡੇ ਝੂਲ ਰਹੇ ਸਨ ਉੱਥੇ ਨੌਜਵਾਨਾਂ ਵੱਲੋਂ ਸ਼ਹੀਦ ਸਿੰਘਾਂ ਦੀਆਂ ਤਸਵੀਰ ਲਾ ਕੇ ਖਾਲਿਸਤਾਨ ਪੱਖੀ ਵਾਰਾਂ ਗਾਈਆਂ ਜਾ ਰਹੀਆਂ ਸਨ। ਨਗਰ ਕੀਰਤਨ ਸ਼ਹਿਰ ਦੀਆਂ ਵੱਖ ਵੱਖ ਰਸਤਿਆਂ ਤੋ ਹੁੰਦਾ ਹੋਇਆ ਰਾਮਗੜ੍ਹੀਆ ਸਿੱਖ ਗੁਰਦਵਾਰਾ ਵੂਡਲੈਂਡ ਐਵਨਿਊ ਵਿਖੇ ਸਮਾਪਤ ਹੋਇਆ। ਸਭਾ ਦੇ ਗ੍ਰੰਥੀ ਸਿੰਘ ਵੱਲੋਂ ਸਮਾਪਤੀ ਦੀ ਅਰਦਾਸ ਕੀਤੀ ਗਈ। ਇਸ ਮੌਕੇ ਸਲੋਹ ਦੇ ਸਿੱਖ ਸੰਸਦ ਮੈਂਬਰ ਸ ਤਨਮਨਜੀਤ ਸਿੰਘ ਢੇਸੀ, ਸਲੋਹ ਦੇ ਡਿਪਟੀ ਮੇਅਰ ਬਲਵਿੰਦਰ ਸਿੰਘ ਢਿੱਲੋਂ, ਸ ਗੁਰਦੀਪ ਸਿੰਘ ਗਰੇਵਾਲ, ਰਾਮਗੜ੍ਹੀਆ ਸਿੱਖ ਗੁਰਦਵਾਰੇ ਦੇ ਸਾਬਕਾ ਪ੍ਰਧਾਨ ਤੇ ਕੌਂਸਲਰ ਸ ਹਰਜਿੰਦਰ ਸਿੰਘ ਗਹੀਰ, ਪਿੰਗਲਵਾੜਾ ਟਰੱਸਟ ਦੇ ਸ ਜੁਗਰਾਜ ਸਿੰਘ ਸਰਾ, ਸ ਬਲਜਿੰਦਰ ਸਿੰਘ ਜੌਹਲ, ਸ ਇੰਦਰਜੀਤ ਸਿੰਘ ਭੂਈ, ਸ ਅਮਰਜੀਤ ਸਿੰਘ ਭੱਚੂ, ਸ ਅਵਤਾਰ ਸਿੰਘ ਰਾਏ, ਸ ਬਲਦੀਪ ਸਿੰਘ ਚੰਨਾ, ਬੌਬੀ ਜੁਟਲਾ, ਸ ਰੁਪਿੰਦਰ ਸਿੰਘ ਪੱਡਾ, ਸਾਬਕਾ ਕੌਂਸਲਰ ਕਮਲਜੀਤ ਕੋਰ, ਕੌਂਸਲਰ ਬਲਜਿੰਦਰ ਕੌਰ, ਕੌਂਸਲਰ ਫਿਜਾ ਮਤਲੂਬ, ਸ ਮੰਗਲ ਸਿੰਘ, ਕੌਂਸਲਰ ਮਹੁਮੰਦ ਨਜ਼ੀਰ, ਸ ਸੀਤਲ ਸਿੰਘ ਲਾਲ, ਸਿੱਖ ਫੈਡਰੇਸਨ ਦੇ ਸੀਨੀਅਰ ਆਗੂ ਸ ਜਸਪਾਲ ਸਿੰਘ ਸਲੋਹ, ਅਮਰਜੀਤ ਸਿੰਘ ਆਦਿ ਨੇ ਸੰਗਤਾਂ ਨੂੰ ਵਿਸਾਖੀ ਸਾਜਨਾ ਦਿਵਸ ਦੀਆਂ ਮੁਬਾਰਕਾਂ ਦਿੱਤੀਆਂ ਗਈਆਂ। ਇਹ ਪਹਿਲਾ ਮੌਕਾ ਸੀ ਜਦੋਂ ਨਗਰ ਕੀਰਤਨ ਵਿੱਚ ਮਾੜੀ ਘਟਨਾ ਨਾ ਵਾਪਰਨ ਦੇਣ ਲਈ ਦਰਜਨਾਂ ਸਥਾਨਕ ਪੁਲਸ ਵਰਦੀਆਂ ਵਿੱਚ ਤੇ ਸਿਵਲ ਕੱਪੜਿਆਂ ਵਿੱਚ ਘੁੰਮ ਰਹੀ ਸੀ।

ਆਵਾਜ਼ਿ ਕੌਮ
AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243



ਸ੍ਰੀ ਅਕਾਲ ਜੀ ਸਹਾਇ
ਦੇਗ ਤੇਗ ਫਤਿਹ
ਪੰਥ ਕੀ ਜੀਤ
ਦਮਦਮੀ ਟਕਸਾਲ ਜੱਥਾ ਭਿੰਡਰਾਂ ਮਹਿਤਾ ਵੱਲੋਂ
ਅਮਰ ਸ਼ਹੀਦ ਸੰਤ ਗਿਆਨੀ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ
ਅਤੇ ਜੂਨ 1984 (ਘੱਲੂਘਾਰੇ) ਦੇ ਸਮੂਹ ਸ਼ਹੀਦਾਂ ਦੀ 40ਵੀਂ ਸ਼ਹੀਦੀ ਵਰ੍ਹੇਗੰਢ ਨੂੰ ਸਮਰਪਿਤ
ਸ਼ਬਦ ਕੀਰਤਨ ਅਤੇ ਕਥਾ ਸਮਾਗਮ
1 ਮਈ ਤੋਂ 31 ਮਈ 2024 ਤੱਕ
ਰੋਜ਼ਾਨਾ ਸ਼ਾਮ 6 ਤੋਂ 8 ਵਜੇ ਤੱਕ
ਆਵਾਜ਼ਿ ਕੌਮ AWAZE QAUM International Newspaper & WEB TV
ਮਹਿਤਾ ਚੌਂਕ ਤੇ ਆਸ ਪਾਸ ਦੇ ਪਿੰਡਾਂ ਵਿੱਚ ਆਯੋਜਿਤ ਕੀਤੇ ਜਾ ਰਹੇ ਹਨ। ਜਿਸ ਵਿੱਚ ਦਮਦਮੀ ਟਕਸਾਲ ਦੇ ਮੁਖੀ ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ 'ਭਿੰਡਰਾਂਵਾਲੇ' ਸ਼ਬਦ ਵਿਚਾਰ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ।
1 ਮਈ ਬੁੱਧਵਾਰ ਜਬੋਵਾਲ ਸ਼ਾਮ 6 ਤੋਂ 8 ਵਜੇ ਤੱਕ
2 ਮਈ ਵੀਰਵਾਰ ਜੱਫਰਵਾਲ ਸ਼ਾਮ 6 ਤੋਂ 8 ਵਜੇ ਤੱਕ
3 ਮਈ ਸ਼ੁੱਕਰਵਾਰ ਸਹਾਇਪੁਰ ਸ਼ਾਮ 6 ਤੋਂ 8 ਵਜੇ ਤੱਕ
4 ਮਈ ਸ਼ਨੀਵਾਰ ਮੁਰਾਦਪੁਰ ਸ਼ਾਮ 6 ਤੋਂ 8 ਵਜੇ ਤੱਕ
5 ਮਈ ਐਤਵਾਰ ਗੁਰੂ ਕੀ ਬੇਰ ਸਾਹਿਬ ਮੱਤੇਵਾਲ ਸ਼ਾਮ 5 ਤੋਂ 7 ਵਜੇ ਤੱਕ
6 ਮਈ ਸੋਮਵਾਰ ਕਾਹਲਵਾ ਸ਼ਾਮ 6 ਤੋਂ 8 ਵਜੇ ਤੱਕ
7 ਮਈ ਮੰਗਲਵਾਰ ਉੱਦੋ ਨੰਗਲ ਸ਼ਾਮ 6 ਤੋਂ 8 ਵਜੇ ਤੱਕ
8 ਮਈ ਬੁੱਧਵਾਰ ਬਾਬੋਵਾਲ ਸ਼ਾਮ 6 ਤੋਂ 8 ਵਜੇ ਤੱਕ
9 ਮਈ ਵੀਰਵਾਰ ਧਰਦਿਉ ਸ਼ਾਮ 6 ਤੋਂ 8 ਵਜੇ ਤੱਕ
10 ਮਈ ਸ਼ੁੱਕਰਵਾਰ ਧਿਆਨਪੁਰ ਸ਼ਾਮ 6 ਤੋਂ 8 ਵਜੇ ਤੱਕ
11 ਮਈ ਸ਼ਨੀਵਾਰ ਗੁ: ਬਾਬਾ ਪੱਲਾ ਜੀ ਬੁਤਾਲਾ ਸ਼ਾਮ 6 ਤੋਂ 8 ਵਜੇ ਤੱਕ
12 ਮਈ ਐਤਵਾਰ ਸਦਾਰੰਗ ਸ਼ਾਮ 6 ਤੋਂ 8 ਵਜੇ ਤੱਕ
13 ਮਈ ਸੋਮਵਾਰ ਸੂਸਾ ਸ਼ਾਮ 6 ਤੋਂ 8 ਵਜੇ ਤੱਕ
14 ਮਈ ਮੰਗਲਵਾਰ ਗੁ: ਬਾਬਾ ਮਤੂ ਜੀ ਮੀਕੇ ਸ਼ਾਮ 6 ਤੋਂ 8 ਵਜੇ ਤੱਕ
15 ਮਈ ਬੁੱਧਵਾਰ ਭਾਮ ਸ਼ਾਮ 6 ਤੋਂ 8 ਵਜੇ ਤੱਕ
16 ਮਈ ਵੀਰਵਾਰ ਭਲਾਈਪੁਰ ਪੁਰਬਾ ਸ਼ਾਮ 6 ਤੋਂ 8 ਵਜੇ ਤੱਕ
17 ਮਈ ਸ਼ੁੱਕਰਵਾਰ ਨਿੱਕੇ ਘੁੰਮਣ ਸ਼ਾਮ 6 ਤੋਂ 8 ਵਜੇ ਤੱਕ
18 ਮਈ ਸ਼ਨੀਵਾਰ ਗੁ: ਕੰਧ ਸਾਹਿਬ (ਬਟਾਲਾ) ਸ਼ਾਮ 6 ਤੋਂ 8 ਵਜੇ ਤੱਕ
19 ਮਈ ਐਤਵਾਰ ਗੁ: ਬਾਬਾ ਬਕਾਲਾ ਸਾਹਿਬ ਸਵੇਰੇ 10 ਤੋਂ 12 ਵਜੇ ਤੱਕ ਸਿਆਲਕਾ
20 ਮਈ ਸੋਮਵਾਰ ਲੀਲ ਕਲਾਂ ਸ਼ਾਮ 6 ਤੋਂ 8 ਵਜੇ ਤੱਕ
21 ਮਈ ਮੰਗਲਵਾਰ ਚੌਧਰੀਵਾਲ ਸ਼ਾਮ 6 ਤੋਂ 8 ਵਜੇ ਤੱਕ
22 ਮਈ ਬੁੱਧਵਾਰ ਤਰਸਿੱਕਾ ਭਗਤਾਂ ਦਾ ਡੇਰਾ ਸ਼ਾਮ 6 ਤੋਂ 8 ਵਜੇ ਤੱਕ
23 ਮਈ ਵੀਰਵਾਰ ਤਾਹਰਪੁਰ ਸ਼ਾਮ 6 ਤੋਂ 8 ਵਜੇ ਤੱਕ
24 ਮਈ ਸ਼ੁੱਕਰਵਾਰ ਬਾਸਰਪੁਰ ਰਾਤ 8 ਤੋਂ 10 ਵਜੇ ਤੱਕ
25 ਮਈ ਸ਼ਨੀਵਾਰ ਖੱਬੇ ਰਾਜਪੂਤਾਂ ਸ਼ਾਮ 6 ਤੋਂ 8 ਵਜੇ ਤੱਕ
26 ਮਈ ਐਤਵਾਰ ਭੀਲੋਵਾਲ ਸ਼ਾਮ 6 ਤੋਂ 8 ਵਜੇ ਤੱਕ
27 ਮਈ ਸੋਮਵਾਰ ਜੇਠੂਵਾਲ ਸ਼ਾਮ 6 ਤੋਂ 8 ਵਜੇ ਤੱਕ
28 ਮਈ ਮੰਗਲਵਾਰ ਗੁ: ਰਾਮ ਚੌਂਤਰਾ ਸਾਹਿਬ ਮਨੋਸ਼ ਸ਼ਾਮ 6 ਤੋਂ 8 ਵਜੇ ਤੱਕ
29 ਮਈ ਬੁੱਧਵਾਰ ਮੌਹਣੀਆ ਕੁਹਾਰਾ ਸ਼ਾਮ 6 ਤੋਂ 8 ਵਜੇ ਤੱਕ
30 ਮਈ ਵੀਰਵਾਰ ਜਲਾਲ ਉਸਮਾ ਸ਼ਾਮ 6 ਤੋਂ 8 ਵਜੇ ਤੱਕ
31 ਮਈ ਸ਼ੁੱਕਰਵਾਰ ਮਹਿਤਾ ਚੌਂਕ ਸ਼ਾਮ 6 ਤੋਂ 8 ਵਜੇ ਤੱਕ
1-2-3-4-5 ਜੂਨ 2024 ਰੋਜ਼ਾਨਾ ਸ਼ਾਮ 4.00 ਤੋਂ 6.00 ਵਜੇ ਤੱਕ
ਸੰਗਤਾਂ ਨੂੰ ਬੇਨਤੀ ਹੈ ਕਿ 6 ਜੂਨ 2024, ਵੀਰਵਾਰ ਨੂੰ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼, ਚੌਂਕ ਮਹਿਤਾ ਵਿਖੇ ਪਹੁੰਚੋ ਜੀ
ਜਾਰੀ ਕਰਤਾ:
ਖਾਲਸਾ ਅਕੈਡਮੀ
ਨਰਸਰੀ ਤੋਂ +2 ਤੱਕ
ਖਾਲਸਾ
I.C.S.E. Board
Pre-Nur to 8th
ਖਾਲਸਾ ਹੋਸਟਲ
Fully A.C.
ਖਾਲਸਾ
ਦਾਖ਼ਲਾ ਸ਼ੁਰੂ
99155-85685
ਸੰਪਰਕ: 99158-00904, 97793-10040, 98158-14158, 84376-91626

**1 ਤੋਂ 3 ਮਈ ਤੱਕ ਸ਼ਹੀਦੀ ਦਿਵਸ 'ਤੇ ਵਿਸ਼ੇਸ਼**

# ਖਿਦਰਾਣੇ ਕੋ ਮੁਕਤਸਰ ਕੀਨਾ

ਗੁਰਦੁਆਰਾ ਸ਼ਹੀਦ ਗੰਜ ਸਾਹਿਬ, ਸ਼੍ਰੀ ਦਰਬਾਰ ਸਾਹਿਬ (ਗੁਰਦੁਆਰਾ ਟੁੱਟੀ ਗੰਢੀ ਸਾਹਿਬ) ਸ਼੍ਰੀ ਮੁਕਤਸਰ ਸਾਹਿਬ ਦੇ ਪਿੱਛੇ ਲਹਿੰਦੇ ਪਾਸੇ ਵੱਲ ਹੈ। ਜਿੱਥੇ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਹੱਥੀਂ ਚਿਖਾ (ਅੰਗੀਠਾ) ਤਿਆਰ ਕਰਕੇ 40 ਮੁਕਤੇ ਅਤੇ ਹੋਰ ਸ਼ਹੀਦ ਸਿੰਘਾਂ ਦਾ ਆਪਣੇ ਹੱਥੀਂ ਸਸਕਾਰ ਕੀਤਾ ਸੀ । 40 ਮੁਕਤਿਆਂ ਦੀ ਯਾਦ ਵਿੱਚ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ 1, 2 ਅਤੇ 3 ਮਈ ਨੂੰ ਸ਼ਹੀਦੀ ਦਿਹਾੜਾ ਮਨਾਇਆ ਜਾ ਰਿਹਾ ਹੈ।

ਦਸਮ ਪਾਤਸ਼ਾਹ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਸੰਨ 1704 ਈ: ਵਿੱਚ ਅਨੰਦਪੁਰ ਸਾਹਿਬ ਵਿੱਚ ਕਿਲ੍ਹਾ ਅਨੰਦਗੜ੍ਹ ਵਿਖੇ ਮੁਗ਼ਲ ਫ਼ੌਜਾਂ ਨਾਲ ਯੁੱਧ ਲੜ ਰਹੇ ਸਨ। ਦੁਸ਼ਮਣ ਦੀਆਂ ਫ਼ੌਜਾਂ ਨੇ ਚਾਰੇ ਪਾਸੇ ਘੇਰਾ ਪਾ ਲਿਆ ਅਤੇ ਬਾਹਰੋਂ ਰਸਦ-ਪਾਣੀ ਅੰਦਰ ਨਾ ਜਾਣ ਦਿੱਤਾ, ਕਿਉਂਕਿ ਉਹਨਾਂ ਨੂੰ ਉਮੀਦ ਸੀ ਕਿ ਭੁੱਖ ਨਾਲ ਮਰਦੇ ਸਿੰਘ ਲੜਾਈ ਨਹੀਂ ਲੜ ਸਕਣਗੇ ਅਤੇ ਬਾਹਰ ਆ ਜਾਣਗੇ। ਜਦੋਂ ਕਾਫ਼ੀ ਲੰਮਾ ਸਮਾਂ ਕਿਲ੍ਹੇ ਨੂੰ ਘੇਰਾ ਪਿਆ ਰਿਹਾ ਤਾਂ ਭੁੱਖ ਤੋਂ ਤੰਗ ਆਏ ਸਿੰਘਾਂ ਨੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਉਹ ਜੰਗ ਨਹੀਂ ਲੜ ਸਕਦੇ ਅਤੇ ਉਹ ਘਰਾਂ ਨੂੰ ਜਾਣਾ ਚਾਹੁੰਦੇ ਹਨ। ਗੁਰੂ ਸਾਹਿਬ ਨੇ ਸਿੰਘਾਂ ਨੂੰ ਹੌਂਸਲਾ ਦਿੰਦੇ ਹੋਏ ਕਿਹਾ ਕਿ ਕੁਝ ਦਿਨਾਂ ਦੀ ਗੱਲ ਹੈ, ਪਰ ਸਿੰਘਾਂ ਨੇ ਉੱਤਰ ਦਿੱਤਾ, "ਅਸੀਂ ਲੜਦੇ ਹੋਏ ਸ਼ਹੀਦ ਹੋ ਸਕਦੇ ਹਾਂ ਪਰ ਭੁੱਖੇ ਮਰਨ ਲਈ ਤਿਆਰ ਨਹੀਂ।" ਸਿੰਘ ਜਦ ਆਪਣੀ ਜ਼ਿੱਦ ਤੇ ਅੜੇ ਰਹੇ ਤਾਂ ਗੁਰੂ ਜੀ ਨੇ ਕਿਹਾ ਕਿ ਜੇਕਰ ਤੁਸੀਂ ਜਾਣਾ ਹੈ ਤਾਂ ਜਾਉ ਪਰ ਇਹ ਲਿਖ ਕੇ ਦੇ ਜਾਉ "ਗੁਰੂ ਗੋਬਿੰਦ ਸਿੰਘ ਸਾਡਾ ਗੁਰੂ ਨਹੀਂ ਅਤੇ ਅਸੀਂ ਉਸ ਦੇ ਸਿੱਖ ਨਹੀਂ।" ਭਾਈ ਮਹਾਂ ਸਿੰਘ ਜੀ ਦੀ ਅਗਵਾਈ ਵਿੱਚ 40 ਸਿੰਘ ਗੁਰੂ ਜੀ ਨੂੰ 'ਅਸੀਂ ਤੁਹਾਡੇ ਸਿੱਖ ਨਹੀਂ,' ਤੁਸੀਂ ਸਾਡੇ ਗੁਰੂ ਨਹੀਂ' ਬੇਦਾਵਾ ਲਿਖ ਕੇ ਦੇਣ ਉਪਰੰਤ ਘਰਾਂ ਨੂੰ ਵਾਪਸ ਆ ਗਏ। ਗੁਰੂ ਜੀ ਨੇ ਮੁਗ਼ਲਾਂ ਦੇ ਵਿਸ਼ਵਾਸ ਦੇਣ 'ਤੇ ਅਨੰਦਪੁਰ ਸਾਹਿਬ ਦਾ ਕਿਲ੍ਹਾ ਛੱਡ ਦਿੱਤਾ ਕਿ ਸਾਡੀ ਫ਼ੌਜ ਵਾਪਸ ਚਲੀ ਜਾਵੇਗੀ। ਪਰ ਇਹ ਉਹਨਾਂ ਦੀ ਇੱਕ ਚਾਲ ਸੀ। ਗੁਰੂ ਜੀ ਸਰਸਾ ਨਦੀ ਪਾਰ ਕਰਕੇ ਚਮਕੌਰ ਸਾਹਿਬ ਪੁੱਜੇ। ਇਸੇ ਸਮੇਂ ਦੌਰਾਨ ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫ਼ਤਹਿ ਸਿੰਘ ਜੋ ਗੰਗੂ ਰਸੋਈਏ ਨਾਲ ਸਨ, ਗੁਰੂ ਸਾਹਿਬ ਤੋਂ ਵਿੱਛੜ ਗਏ। ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਤੇ ਬਾਬਾ ਜੁਝਾਰ ਸਿੰਘ ਜੀ ਗੁਰੂ ਸਾਹਿਬ ਦੇ ਨਾਲ ਸਨ। ਮੁਗ਼ਲ ਫ਼ੌਜ ਪਿੱਛਾ ਕਰਦੀ ਆ ਰਹੀ ਸੀ। ਚਮਕੌਰ ਸਾਹਿਬ ਵਿਖੇ ਬਹੁਤ ਭਾਰੀ ਯੁੱਧ ਹੋਇਆ। ਜਿੱਥੇ ਦੋਵੇਂ ਵੱਡੇ ਸਾਹਿਬਜ਼ਾਦੇ ਜੰਗ ਵਿੱਚ ਸ਼ਹੀਦ ਹੋ ਗਏ। ਗੁਰੂ ਜੀ



ਪੰਜ ਪਿਆਰਿਆਂ ਦਾ ਹੁਕਮ ਮੰਨ ਕੇ ਚਮਕੌਰ ਦੀ ਗੜ੍ਹੀ ਵਿੱਚੋਂ ਨਿਕਲ ਕੇ ਮਾਛੀਵਾੜਾ, ਰਾਏਕੋਟ, ਦੀਨਾ ਕਾਂਗੜ, ਭਾਈ ਭਗਤਾ, ਵਾਂਦਰ, ਬਰਗਾੜੀ, ਸਰਾਵਾਂ, ਜੈਤੋ, ਮਲੂਕਾ ਆਦਿ ਪਿੰਡਾਂ ਵਿੱਚੋਂ ਦੀ ਹੁੰਦੇ ਹੋਏ ਕੋਟਕਪੂਰਾ ਪੁੱਜੇ। ਕੋਟਕਪੂਰੇ ਦੇ ਚੌਧਰੀ (ਨਵਾਬ) ਕਪੂਰ ਸਿੰਘ ਤੋਂ ਗੁਰੂ ਜੀ ਨੇ ਕਿਲ੍ਹਾ ਮੰਗਿਆ। ਚੌਧਰੀ ਨੇ ਗੁਰੂ ਜੀ ਦੀ ਬਹੁਤ ਸੇਵਾ ਤੇ ਸਤਿਕਾਰ ਕੀਤਾ ਪਰ ਕਿਲ੍ਹਾ ਦੇਣ ਤੋਂ ਸਾਫ਼ ਨਾਂਹ ਕਰ ਦਿੱਤੀ। ਗੁਰੂ ਸਾਹਿਬ ਸਿੱਖ ਯੋਧਿਆਂ ਸਮੇਤ ਖਿਦਰਾਣੇ ਦੀ ਢਾਬ ਵੱਲ ਚੱਲ ਪਏ। ਦੂਜੇ ਪਾਸੇ ਅਨੰਦਪੁਰ ਸਾਹਿਬ ਤੋਂ ਬੇਦਾਵਾ ਦੇਣ ਵਾਲੇ 40 ਸਿੰਘ ਜਦ ਆਪਣੇ ਘਰਾਂ ਨੂੰ ਚਲੇ ਗਏ ਅਤੇ ਘਰ ਜਾ ਕੇ ਸਾਰਾ ਹਾਲ ਸੁਣਾਇਆ ਤਾਂ ਉਹਨਾਂ ਦੀਆਂ ਪਤਨੀਆਂ, ਭੈਣਾਂ, ਮਾਵਾਂ ਤੇ ਰਿਸ਼ਤੇਦਾਰਾਂ ਨੇ ਬਹੁਤ ਤਾਅਨੇ-ਮਿਹਣੇ ਮਾਰ ਕੇ ਕਿਹਾ ਕਿ ਤੁਸੀਂ ਗੁਰੂ ਜੀ ਨੂੰ ਛੱਡ ਕੇ ਚੰਗਾ ਕੰਮ ਨਹੀਂ ਕੀਤਾ। ਤੁਸੀਂ ਗੁਰੂ ਜੀ ਤੋਂ ਬੇਮੁਖ ਹੋ ਕੇ ਆਏ ਹੋ। ਤੁਸੀਂ ਘਰਾਂ ਵਿੱਚ ਘੱਗਰੇ ਤੇ ਚੂੜੀਆਂ (ਵੰਗਾਂ) ਪਾ ਕੇ ਬੈਠੋ, ਅਸੀਂ ਜੰਗ ਲੜਨ ਜਾਂਦੀਆਂ ਹਾਂ। ਮਾਈ ਭਾਗੋ ਜੋ ਸੂਰਬੀਰ ਤੇ ਦਲੇਰ ਔਰਤ ਸੀ, ਉਸ ਦੀ ਪ੍ਰੇਰਣਾ ਨਾਲ ਇਹ 40 ਸਿੰਘ ਸਮੀਰ ਸਿੰਘ, ਸਰਜਾ ਸਿੰਘ, ਸੁਹੇਲ ਸਿੰਘ, ਸੁਲਤਾਨ ਸਿੰਘ, ਸੋਭਾ ਸਿੰਘ, ਸੰਤ ਸਿੰਘ, ਹਰਸਾ ਸਿੰਘ, ਗੰਗਾ ਸਿੰਘ, ਹਰੀ ਸਿੰਘ, ਕਰਨ ਸਿੰਘ, ਕਰਮ ਸਿੰਘ, ਕਾਲਾ ਸਿੰਘ, ਕੀਰਤੀ ਸਿੰਘ, ਕ੍ਰਿਪਾਲ ਸਿੰਘ, ਖੁਸ਼ਾਲ ਸਿੰਘ, ਗੁਲਾਬ ਸਿੰਘ, ਗੰਗਾ ਸਿੰਘ, ਗੰਡਾ ਸਿੰਘ, ਘਰਬਾਰਾ ਸਿੰਘ, ਚੰਬਾ ਸਿੰਘ, ਜਾਦੋ ਸਿੰਘ, ਜੋਗਾ ਸਿੰਘ, ਜੰਗ ਸਿੰਘ, ਦਿਆਲ ਸਿੰਘ, ਦਰਬਾਰਾ ਸਿੰਘ, ਦਿਲਬਾਗ ਸਿੰਘ, ਧਰਮ ਸਿੰਘ, ਧੰਨਾ ਸਿੰਘ, ਨਿਹਾਲ ਸਿੰਘ, ਨਿਧਾਨ ਸਿੰਘ, ਬੂੜ ਸਿੰਘ, ਭਾਗ ਸਿੰਘ, ਭੋਲਾ ਸਿੰਘ, ਭੰਗਾ ਸਿੰਘ, ਮਹਾਂ ਸਿੰਘ, ਮੱਜਾ ਸਿੰਘ, ਮਾਨ ਸਿੰਘ, ਮੈਯਾ ਸਿੰਘ, ਰਾਇ ਸਿੰਘ, ਲਛਮਣ ਸਿੰਘ (ਮਹਾਨ ਕੋਸ਼, ਚੌਥੀ ਵਾਰ, ਪੰਨਾ 981) ਗੁਰੂ ਜੀ ਦੀ ਭਾਲ ਕਰਦੇ ਹੋਏ ਖਿਦਰਾਣੇ ਦੀ ਢਾਬ 'ਤੇ ਪਹੁੰਚੇ। ਉਹਨਾਂ ਆਪਣੀ ਗਿਣਤੀ ਜ਼ਿਆਦਾ ਦਿਖਾਉਣ ਲਈ ਝਾੜੀਆਂ ਅਤੇ ਬੂਟੀਆਂ ਦੇ ਉੱਪਰ ਆਪਣੇ ਚਾਦਰੇ, ਪਰਨੇ ਅਤੇ ਹੋਰ ਕੱਪੜੇ ਪਾ ਕੇ ਤੰਬੂਆਂ ਦੀ ਸ਼ਕਲ ਵਿੱਚ ਬਦਲ ਦਿੱਤਾ। 40 ਸਿੰਘ ਮੁਗ਼ਲ ਫ਼ੌਜਾਂ ਨਾਲ ਜੂਝ ਕੇ ਲੜੇ। ਯੁੱਧ ਖ਼ਤਮ ਹੋਣ ਤੋਂ ਬਾਅਦ ਗੁਰੂ ਜੀ ਜਦੋਂ ਲੜਾਈ ਦੇ ਮੈਦਾਨ ਵਿੱਚ ਪਹੁੰਚੇ, 39 ਸਿੰਘ ਸ਼ਹੀਦ ਹੋ ਚੁੱਕੇ ਸਨ। ਜਦੋਂ ਗੁਰੂ ਜੀ ਸਹਿਕ ਰਹੇ ਇੱਕ ਸਿੱਖ ਭਾਈ ਮਹਾਂ ਸਿੰਘ ਕੋਲ ਪਹੁੰਚੇ ਤਾਂ ਉਸ ਨੂੰ ਆਪਣੀ ਗੋਦੀ ਵਿੱਚ ਬਿਠਾਇਆ ਤੇ ਕੱਪੜੇ ਨਾਲ ਉਸ ਦਾ ਚਿਹਰਾ ਸਾਫ਼ ਕੀਤਾ। ਗੁਰੂ ਜੀ ਨੇ ਉਸ ਦੀ ਆਖ਼ਰੀ ਇੱਛਾ ਪੁੱਛੀ ਤੇ ਕਿਹਾ, "ਭਾਈ ਮਹਾਂ ਸਿੰਘ ! ਤੁਸੀਂ ਮਹਾਨ ਕੁਰਬਾਨੀ ਕੀਤੀ ਹੈ, ਮੰਗ ਲੈ, ਜੋ ਮੰਗੇਗਾ, ਉਹ ਜ਼ਰੂਰ ਮਿਲੇਗਾ।"

**ਤਬ ਲੌ ਇਕ ਸਿਖ ਸਹਿਕਤ ਪਾਯੋ।**
**ਕਹਯੋ ਗੁਰੂ ਮਾਂਗੋ ਮਨ ਭਾਯੋ।**
**(ਪੰਥ ਪ੍ਰਕਾਸ਼ ਗਿਆਨੀ ਗਿਆਨ ਸਿੰਘ, ਪੰਨਾ 311)**

ਸਿਸਕੀਆਂ ਭਰਦਿਆਂ ਭਾਈ ਮਹਾਂ ਸਿੰਘ ਨੇ ਹੱਥ ਜੋੜ ਕੇ ਬੇਨਤੀ ਕੀਤੀ ਜੇ ਤਰੁੱਠੇ ਹੋ ਤਾਂ ਅਨੰਦਪੁਰ ਸਾਹਿਬ ਵਿਖੇ ਜੰਗ ਸਮੇਂ ਅਸੀਂ 40 ਸਿੰਘ ਜੋ ਬੇਦਾਵਾ ਲਿਖ ਕੇ ਦੇ ਆਏ ਸੀ, ਉਹ ਪਾੜ ਦਿਉ ਅਤੇ ਸਾਡੀ ਟੁੱਟੀ ਗੰਢ ਦਿਉ। ਗੁਰੂ ਜੀ ਨੇ ਆਪਣੇ ਕਮਰਕੱਸੇ ਵਿੱਚੋਂ ਬੇਦਾਵਾ ਕੱਢ ਕੇ ਭਾਈ ਮਹਾਂ ਸਿੰਘ ਦੇ ਸਾਹਮਣੇ ਪਾੜ ਕੇ ਭਾਈ ਮਹਾਂ ਸਿੰਘ ਤੇ ਸ਼ਹੀਦ ਹੋਏ ਸਿੰਘਾਂ ਨਾਲ ਟੁੱਟੀ ਗੰਢ ਦਿੱਤੀ ।

**ਸਿੱਖੀ ਹਿਤ ਜਿਨ ਰਾਜਨ ਚਾਹਯੋ।**
**ਸਿਦਕ ਔਰ ਉਪਕਾਰ ਨਿਬਾਹਯੋ।**
**ਜੇਬ ਬੀਚ ਤੈ ਤਬੈ ਨਿਕਾਰਯੋ।**
**ਕਾਗਜ ਸਨਮੁਖ ਤਾਂਕੇ ਫਾਰਯੋ।**
**ਗੁਰੂ ਤੇ ਵਲੀ ਗੁਰੂ ਕੇ ਸਿਖ ਹੈਂ।**
**ਯਹਿ ਗੁਰੂ ਕਹਯੋ ਲਏ ਹਿਮ ਪਿਖ ਹੈਂ।**
**ਤੂਟੀ ਸਿੱਖੀ ਫੇਰ ਮਿਲਾਈ।**
**ਪਰਉਪਕਾਰ ਕਰਯੋ ਬਹੁਤਾਈ।**
**(ਪੰਥ ਪ੍ਰਕਾਸ਼ ਗਿਆਨੀ ਗਿਆਨ ਸਿੰਘ, ਪੰਨਾ 311)**

ਗੁਰੂ ਜੀ ਨੇ ਫ਼ਰਮਾਇਆ ਕਿ ਇਹ ਥਾਂ ਹੁਣ ਖਿਦਰਾਣਾ ਨਹੀਂ ਸਗੋਂ ਮੁਕਤੀ ਦਾ ਅਸਥਾਨ ਹੈ।

**ਮੁਕਤਯੋਂ ਕਾ ਪਦ ਉਨਕੋ ਦੀਨਾ।**
**ਖਿਦਰਾਣੇ ਕੋ ਮੁਕਤਸਰ ਕੀਨਾ।**
**(ਪੰਥ ਪ੍ਰਕਾਸ਼ ਗਿਆਨੀ ਗਿਆਨ ਸਿੰਘ, ਪੰਨਾ 312)**

ਗੁਰੂ ਜੀ ਨੇ ਸ਼ਹੀਦ ਹੋਏ ਸਿੰਘਾਂ ਨੂੰ ਪੰਜ ਹਜ਼ਾਰੀ, ਦਸ ਹਜ਼ਾਰੀ ਅਤੇ ਹੋਰ ਵੱਡੇ-ਵੱਡੇ ਖਿਤਾਬ ਬਖ਼ਸ਼ੇ। ਇਹਨਾਂ 40 ਮੁਕਤਿਆਂ ਨੂੰ ਅਸੀਂ ਰੋਜ਼ਾਨਾ ਸਵੇਰੇ-ਸ਼ਾਮ ਅਰਦਾਸ ਕਰਨ ਸਮੇਂ ਯਾਦ ਕਰਦੇ ਹਾਂ।

ਗੁਰਦੁਆਰਾ ਸ਼ਹੀਦ ਗੰਜ ਸ਼੍ਰੀ ਮੁਕਤਸਰ ਸਾਹਿਬ ਵਿਖੇ ਹਰ ਸਮੇਂ ਅਖੰਡ-ਪਾਠਾਂ ਦੀ ਲੜੀ ਚੱਲਦੀ ਰਹਿੰਦੀ ਹੈ। ਇਸ ਅਸਥਾਨ ਤੇ ਹਰ ਸਾਲ 40 ਮੁਕਤਿਆਂ ਦਾ ਸ਼ਹੀਦੀ ਦਿਹਾੜਾ 1, 2, ਤੇ 3 ਮਈ ਨੂੰ ਬੜੇ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ। 1 ਮਈ ਨੂੰ ਸਵੇਰੇ 9 ਵਜੇ ਅਖੰਡ-ਪਾਠ ਆਰੰਭ ਹੋਣਗੇ। ਇਸੇ ਦਿਹਾੜੇ ਗੁਰਦੁਆਰਾ ਟਿੱਬੀ ਸਾਹਿਬ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਅਤੇ ਪੰਜ ਪਿਆਰਿਆਂ ਦੀ ਅਗਵਾਈ ਵਿੱਚ ਨਗਰ ਕੀਰਤਨ ਸਜਾਇਆ ਜਾਵੇਗਾ। 3 ਮਈ ਨੂੰ ਅਖੰਡ-ਪਾਠਾਂ ਦੇ ਭੋਗ ਪਾਏ ਜਾਣਗੇ। ਤਿੰਨ ਰੋਜ਼ਾ ਸਮਾਗਮ ਵਿੱਚ ਪੰਥ ਦੇ ਪ੍ਰਸਿੱਧ ਕੀਰਤਨੀ ਜਥੇ, ਪ੍ਰਚਾਰਕ, ਢਾਡੀ ਗੁਰ ਇਤਿਹਾਸ, ਗੁਰਬਾਣੀ ਦੇ ਰਸ-ਭਿੰਨੇ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ। ਗੁਰੂ ਕਾ ਲੰਗਰ ਅਤੁੱਟ ਵਰਤੇਗਾ।

**-ਕਰਨੈਲ ਸਿੰਘ ਐੱਮ.ਏ. ਲੁਧਿਆਣਾ**
**#1138/63-ਏ, ਗੁਰੂ ਤੇਗ਼ ਬਹਾਦਰ ਨਗਰ, ਗਲੀ ਨੰਬਰ-1, ਚੰਡੀਗੜ੍ਹ ਰੋਡ, ਜਮਾਲਪੁਰ ਲੁਧਿਆਣਾ।**




ਖਾਲਿਸਤਾਨ ਕਮਾਂਡੋ ਫੋਰਸ ਦੇ ਮਹਾਨ ਜਰਨੈਲ ਦਮਦਮੀ ਟਕਸਾਲ ਦੇ ਅਨਿਨ ਸੇਵਕ

# ਅਮਰ ਸ਼ਹੀਦ ਭਾਈ ਸੁਖਦੇਵ ਸਿੰਘ ਝਾਮਕਾ ਜੀ ਦੇ ਸ਼ਹੀਦੀ ਸਮਾਗਮ ਦੌਰਾਨ ਪੰਥਕ, ਧਾਰਮਿਕ ਤੇ ਸਿਆਸੀ ਸ਼ਖਸੀਅਤਾਂ ਵੱਲੋਂ ਸ਼ਮੂਲੀਅਤ











-★ ਜਾਰੀ ਕਰਤਾ ★-

## ਭਾਈ ਸੁਰਿੰਦਰ ਸਿੰਘ ਠੀਕਰੀਵਾਲ

ਭਾਈ ਕਰਤਾਰ ਸਿੰਘ ਝਾਮਕਾ
ਭਾਈ ਬਲਕਾਰ ਸਿੰਘ ਝਾਮਕਾ
ਭਾਈ ਸ਼ਮਸੇਰ ਸਿੰਘ ਭੰਗਵਾ
ਭਾਈ ਕੰਵਲਜੀਤ ਸਿੰਘ ਬੁਲਾਰਾ
ਭਾਈ ਰਣਬੀਰ ਸਿੰਘ ਭੰਗੂ

ਆਵਾਜ਼ਿ ਕੌਮ AWAZE QAUM
International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਖਾਲਿਸਤਾਨ ਕਮਾਂਡੋ ਫੋਰਸ ਦੇ ਮਹਾਨ ਜਰਨੈਲ ਦਮਦਮੀ ਟਕਸਾਲ ਦੇ ਅਨਿਨ ਸੇਵਕ

# ਅਮਰ ਸ਼ਹੀਦ ਭਾਈ ਸੁਖਦੇਵ ਸਿੰਘ ਝਾਮਕਾ ਜੀ ਦੇ ਸ਼ਹੀਦੀ ਸਮਾਗਮ ਦੌਰਾਨ ਪੰਥਕ, ਧਾਰਮਿਕ ਤੇ ਸਿਆਸੀ ਸ਼ਖਸੀਅਤਾਂ ਵੱਲੋਂ ਸ਼ਮੂਲੀਅਤ












-✶ ਜਾਰੀ ਕਰਤਾ ✶-

## ਭਾਈ ਸੁਰਿੰਦਰ ਸਿੰਘ ਠੀਕਰੀਵਾਲ

ਭਾਈ ਕਰਤਾਰ ਸਿੰਘ ਝਾਮਕਾ

ਭਾਈ ਬਲਕਾਰ ਸਿੰਘ ਝਾਮਕਾ

ਭਾਈ ਸ਼ਮਸ਼ੇਰ ਸਿੰਘ ਭੰਗਵਾ

ਭਾਈ ਕੰਵਲਜੀਤ ਸਿੰਘ ਬੁਲਾਰਾ

ਭਾਈ ਰਣਬੀਰ ਸਿੰਘ ਭੰਗੂ

ਆਵਾਜ਼ਿ ਕੌਮ AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

### 'ਮਿਸ਼ਨ ਸਮੱਰਥ' ਸਰਕਾਰੀ ਸਿੱਖਿਆ ਦੇ ਘਾਣ ਦੀ ਕਵਾਇਦ- ਡੀ.ਟੀ.ਐੱਫ.

# ਸਿਰਫ ਅੱਖਰ ਗਿਆਨ ਨਹੀਂ ਬਲਕਿ ਸਰਵਪੱਖੀ ਸਿੱਖਿਆ ਦੇਣਾ ਸਰਕਾਰ ਦੀ ਜ਼ਿੰਮੇਵਾਰੀ- ਰੇਸ਼ਮ ਸਿੰਘ



**ਤਲਵੰਡੀ ਸਾਬੋ, 30 ਅਪ੍ਰੈਲ (ਗੁਰਜੰਟ ਸਿੰਘ ਨਥੇਹਾ)**- ਪ੍ਰਥਮ ਨਾਂ ਦੀ ਐਨ.ਜੀ.ਓ. ਦੀ ਸਹਾਇਤਾ ਨਾਲ ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ ਅੱਠਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਲਈ ਚਲਾਇਆ ਜਾ ਰਿਹਾ 'ਮਿਸ਼ਨ ਸਮੱਰਥ' ਹੁਸ਼ਿਆਰ ਵਿਦਿਆਰਥੀਆਂ ਦੇ ਸਮੇਂ ਦੀ ਬਰਬਾਦੀ ਅਤੇ ਅਧਿਆਪਕਾਂ ਦੀ ਬੇਲੋੜੀ ਖੱਜਲ-ਖ਼ੁਆਰੀ ਦਾ ਸਬੱਬ ਬਣਦਾ ਜਾ ਰਿਹਾ ਹੈ। ਪ੍ਰਤੀਨਿਧ ਅਧਿਆਪਕ ਜਥੇਬੰਦੀ ਡੈਮੋਕ੍ਰੇਟਿਕ ਟੀਚਰਜ਼ ਫਰੰਟ ਦੇ ਜਿਲ੍ਹਾ ਪ੍ਰਧਾਨ ਰੇਸ਼ਮ ਸਿੰਘ ਅਤੇ ਸਕੱਤਰ ਜਸਵਿੰਦਰ ਸਿੰਘ ਨੇ ਕਿਹਾ ਕਿ ਸਿੱਖਿਆ ਦਾ ਉਦੇਸ਼ ਵਿਦਿਆਰਥੀ ਦਾ ਸਰਵਪੱਖੀ ਵਿਕਾਸ ਹੁੰਦਾ ਹੈ ਜਿਸਦੇ ਲਈ ਬੜੀ ਖੋਜ ਨਾਲ ਪਾਠਕ੍ਰਮ ਅਤੇ ਪੁਸਤਕਾਂ ਤਿਆਰ ਕੀਤੀਆਂ ਜਾਂਦੀਆਂ ਹਨ ਅਤੇ ਹੋਰ ਸਹਿ-ਵਿੱਦਿਅਕ ਗਤੀਵਿਧੀਆਂ ਉਲੀਕੀਆਂ ਜਾਂਦੀਆਂ ਹਨ ਪ੍ਰੰਤੂ ਪੰਜਾਬ ਸਰਕਾਰ ਵਿਦਿਆਰਥੀਆਂ ਨੂੰ ਇਸ ਅਖੌਤੀ 'ਮਿਸ਼ਨ' ਰਾਹੀਂ ਸਿਰਫ ਅੱਖਰ ਤੇ ਅੰਕ ਗਿਆਨ ਦੇਣ ਤੱਕ ਸੀਮਤ ਰਹਿ ਕੇ ਹਰੇਕ ਵਿਦਿਆਰਥੀ ਦੇ ਸਰਵਪੱਖੀ ਸਿੱਖਿਆ ਲੈਣ ਦੇ ਬੁਨਿਆਦੀ ਅਧਿਕਾਰ ਦੀ ਉਲੰਘਣਾ ਕਰ ਰਹੀ ਹੈ ਜੋ ਕਿ 2009 ਵਿੱਚ ਬਣੇ ਮੁਫ਼ਤ ਅਤੇ ਲਾਜ਼ਮੀ ਸਿੱਖਿਆ ਦੇ ਅਧਿਕਾਰ ਕਾਨੂੰਨ ਰਾਹੀਂ ਸੰਵਿਧਾਨਕ ਤੌਰ 'ਤੇ ਉਹਨਾਂ ਨੂੰ ਦਿੱਤਾ ਗਿਆ ਹੈ। ਅਸਲ ਵਿੱਚ ਪੰਜਾਬ ਸਰਕਾਰ ਅਜਿਹੇ ਗੈਰ-ਵਿਗਿਆਨਕ ਅਤੇ ਗੈਰ-ਸੰਵਿਧਾਨਕ ਪ੍ਰਾਜੈਕਟ ਚਲਾ ਕੇ ਆਪਣੀਆਂ ਨਾਕਾਮੀਆਂ ਨੂੰ ਛੁਪਾ ਰਹੀ ਹੈ। ਅਪ੍ਰੈਲ ਮਹੀਨਾ ਬੀਤ ਜਾਣ ਦੇ ਬਾਵਜੂਦ ਵੀ ਹਾਲੇ ਤੱਕ ਸਕੂਲਾਂ ਵਿਚ ਸਾਰੀਆਂ ਕਿਤਾਬਾਂ ਵੰਡੀਆਂ ਨਹੀਂ ਗਈਆਂ। ਵੱਡੀ ਗਿਣਤੀ ਵਿੱਚ ਅਧਿਆਪਕ ਚੋਣ ਡਿਊਟੀਆਂ 'ਤੇ ਸਕੂਲਾਂ ਵਿੱਚੋਂ ਬਾਹਰ ਕੱਢੇ ਹੋਏ ਹਨ।ਅਜਿਹੇ ਵਿੱਚ ਕੰਮ ਚਲਾਊ ਨੀਤੀ ਤਹਿਤ ਇਹ 'ਮਿਸ਼ਨ' ਚਲਾਇਆ ਜਾ ਰਿਹਾ ਹੈ ਅਤੇ ਅਧਿਆਪਕਾਂ 'ਤੇ ਬਿਨਾਂ ਕਿਤਾਬਾਂ ਤੋਂ ਬੱਚਿਆਂ ਨੂੰ ਪੜ੍ਹਾਉਣ ਲਈ ਜ਼ੋਰ ਪਾਇਆ ਜਾ ਰਿਹਾ ਹੈ। ਸੀਨੀਅਰ ਮੀਤ ਪ੍ਰਧਾਨ ਬਲਜਿੰਦਰ ਸਿੰਘ ਅਤੇ ਮੀਤ ਪ੍ਰਧਾਨ ਵਿਕਾਸ ਗਰਗ ਨੇ ਦੋਸ਼ ਲਾਇਆ ਕਿ ਇਸ ਤਰ੍ਹਾਂ ਦੇ ਪ੍ਰੋਜੈਕਟਾਂ ਰਾਹੀਂ ਵੱਡੀ ਗਿਣਤੀ ਵਿੱਚ ਅਧਿਆਪਕਾਂ ਨੂੰ 'ਟ੍ਰੇਨਰਾਂ' ਦੇ ਰੂਪ ਵਿੱਚ ਸਕੂਲਾਂ ਵਿੱਚੋਂ ਬਾਹਰ ਕੱਢ ਕੇ ਪੜ੍ਹਾਈ ਦਾ ਨੁਕਸਾਨ ਤਾਂ ਕੀਤਾ ਹੀ ਜਾ ਰਿਹਾ ਹੈ ਨਾਲ ਹੀ ਇਹ ਹੁਸ਼ਿਆਰ ਅਤੇ ਹੋਣਹਾਰ ਵਿਦਿਆਰਥੀਆਂ ਨੂੰ ਪੜ੍ਹਣ ਤੋਂ ਰੋਕ ਕੇ ਉਹਨਾਂ ਨੂੰ ਕਮਜ਼ੋਰ ਵਿਦਿਆਰਥੀਆਂ ਨਾਲ ਚੱਲਣ ਲਈ ਮਜਬੂਰ ਕਰਨ ਦੀ ਕਵਾਇਦ ਵੀ ਹੈ। ਵਿੱਤ ਸਕੱਤਰ ਅਨਿਲ ਭੱਟ, ਪ੍ਰੈੱਸ ਸਕੱਤਰ ਗੁਰਪ੍ਰੀਤ ਸਿੰਘ ਖੇਮੂਆਣਾ, ਜਥੇਬੰਧਕ ਸਕੱਤਰ ਕੁਲਵਿੰਦਰ ਸਿੰਘ ਵਿਰਕ ਨੇ ਦੱਸਿਆ ਕਿ ਅਸਲ ਵਿੱਚ ਮਿਸ਼ਨ ਸਮੱਰਥ ਵਿਵਾਦਤ 'ਪੜ੍ਹੋ ਪੰਜਾਬ' ਪ੍ਰਾਜੈਕਟ ਦੀ ਹੀ ਨਕਲ ਹੈ। ਇਹ ਇਸ ਪੱਖ ਤੋਂ 'ਪੜ੍ਹੋ ਪੰਜਾਬ' ਤੋਂ ਵੀ ਹੀਣਾ ਹੈ ਕਿ ਇਸ ਵਿੱਚ ਵਿਦਿਆਰਥੀ ਦੇ ਭਾਸ਼ਾ ਲਿਖਣ ਦੇ ਕੌਸ਼ਲ ਨੂੰ ਬਿਲਕੁਲ ਨਜ਼ਰਅੰਦਾਜ਼ ਕੀਤਾ ਜਾ ਰਿਹਾ ਹੈ। ਸਰਕਾਰੀ ਸਕੂਲਾਂ ਦਾ ਅਕਸ ਖਰਾਬ ਕਰਨ ਲਈ ਅਜਿਹੇ 'ਮਿਸ਼ਨ' ਵੀ ਜ਼ਿੰਮੇਵਾਰ ਹਨ। ਲੰਘੀ 25 ਅਪ੍ਰੈਲ ਨੂੰ ਰਾਜ ਵਿੱਦਿਅਕ ਖੋਜ਼ ਅਤੇ ਸਿਖਲਾਈ ਪ੍ਰੀਸ਼ਦ ਵੱਲੋਂ ਜ਼ਿਲ੍ਹਾ ਸੰਸਥਾਵਾਂ ਵਿੱਚ ਅਧਿਆਪਨ ਦੀ ਪੜ੍ਹਾਈ ਕਰ ਰਹੇ ਸਿਖਿਆਰਥੀ ਅਧਿਆਪਕਾਂ ਨੂੰ ਸਕੂਲਾਂ ਵਿਚ ਜਾ ਕੇ ਮਿਸ਼ਨ ਸਮਰੱਥ ਤਹਿਤ ਵਿਦਿਆਰਥੀਆਂ ਦੀ ਟੈਸਟਿੰਗ ਕਰਨ ਦੇ ਲਿਖਤੀ ਫ਼ੁਰਮਾਨ ਜਾਰੀ ਕੀਤੇ ਹਨ। ਅਧਿਆਪਕ ਆਗੂਆਂ ਨੇ ਕਿਹਾ ਕਿ ਵਿਭਾਗ ਵੱਲੋਂ ਜਾਰੀ ਕੀਤੇ ਹੁਕਮ ਹਾਸੋਹੀਣੇ ਹਨ। ਸਿਖਿਆਰਥੀ ਅਧਿਆਪਕ ਜਿਹਨਾਂ ਦਾ ਕੋਈ ਜ਼ਮੀਨੀ ਤਜ਼ਰਬਾ ਨਹੀਂ ਹੈ, ਉਹ ਕਿਸ ਤਰ੍ਹਾਂ ਵਿਦਿਆਰਥੀਆਂ ਦੀ ਸਹੀ ਟੈਸਟਿੰਗ ਕਰ ਸਕਦੇ ਹਨ ? ਅਜਿਹੇ ਹੁਕਮ ਜ਼ਮੀਨੀ ਪੱਧਰ 'ਤੇ ਅਨੇਕਾਂ ਸਮੱਸਿਆਵਾਂ ਨਾਲ ਜੂਝਦੇ ਅਧਿਆਪਕ ਦੀ ਕਾਰਜ਼ ਕੁਸ਼ਲਤਾ ਨੂੰ ਸ਼ੱਕ ਦੇ ਨਜ਼ਰੀਏ ਨਾਲ਼ ਦੇਖਣ ਅਤੇ ਉਸ ਦੀ ਅਧਿਆਪਨ ਯੋਗਤਾ ਨੂੰ ਕਟਿਹਰੇ ਵਿੱਚ ਖੜ੍ਹਾ ਕਰਨ ਦਾ ਕੰਮ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਜਥੇਬੰਦੀ ਅਜਿਹੇ ਗੈਰ-ਜਮਹੂਰੀ, ਨਾਦਰਸ਼ਾਹੀ ਫ਼ੁਰਮਾਨਾਂ ਦਾ ਡਟਵਾਂ ਵਿਰੋਧ ਕਰੇਗੀ। ਇਸ ਸਮੇਂ ਜਿਲ੍ਹਾ ਆਗੂ ਰਣਦੀਪ ਕੌਰ ਖ਼ਾਲਸਾ, ਬਲਜਿੰਦਰ ਕੌਰ, ਬਲਾਕ ਪ੍ਰਧਾਨ ਭੋਲਾ ਰਾਮ ਤਲਵੰਡੀ, ਭੁਪਿੰਦਰ ਸਿੰਘ ਮਾਈਸਰਖਾਨਾ, ਰਜਵਿੰਦਰ ਜਲਾਲ, ਬਲਕਰਨ ਕੋਟ ਸ਼ਮੀਰ, ਅਸ਼ਵਨੀ ਕੁਮਾਰ ਸਮੇਤ ਵੱਡੀ ਗਿਣਤੀ ਵਿੱਚ ਅਧਿਆਪਕ ਆਗੂ ਹਾਜ਼ਰ ਸਨ।

### ਪੀਂਘਾਂ ਸੋਚ ਦੀਆਂ ਮੰਚ ਦੀ ਸੰਸਥਾਪਕ ਅਤੇ ਪ੍ਰਧਾਨ ਰਸ਼ਿਪੰਦਰ ਕੌਰ ਗਿੱਲ ਸ਼ਾਮਲ ਹੋਏ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਪਾਰਟੀ ਵਿੱਚ

# ਔਰਤਾਂ ਦੇ ਹੱਕਾਂ ਲਈ ਅਵਾਜ਼ ਬੁਲੰਦ ਕਰਣਾ ਅਤੇ

**ਅੰਮ੍ਰਿਤਸਰ, 30 ਅਪ੍ਰੈਲ (ਆਵਾਜ਼ਿ ਕੌਮ ਬਿਊਰੋ)**-ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਪਾਰਟੀ ਵੱਲੋਂ ਆਪਣੇ ਇਸਤਰੀ ਵਿੰਗ ਨੂੰ ਮਜ਼ਬੂਤ ਕਰਣ ਲਈ ਪੀਂਘਾਂ ਸੋਚ ਦੀਆਂ ਮੰਚ ਦੀ ਸੰਸਥਾਪਕ ਅਤੇ ਪ੍ਰਧਾਨ ਰਸ਼ਿਪੰਦਰ ਕੌਰ ਗਿੱਲ ਨੂੰ ਪਾਰਟੀ ਵਿੱਚ ਸ਼ਾਮਲ ਕੀਤਾ ਗਿਆ। ਰਸ਼ਿਪੰਦਰ ਕੌਰ ਗਿੱਲ ਲੇਖਕ ਵਜੋਂ ਪਿਛਲੇ ਕਾਫੀ ਸਮੇਂ ਤੋਂ ਪੰਥਕ ਮੁੱਦਿਆਂ ਉੱਤੇ ਲੇਖ ਲਿਖਕੇ ਆਪਣਾ ਯੋਗਦਾਨ ਪਾ ਰਹੇ ਸਨ। ਰਸ਼ਿਪੰਦਰ ਕੌਰ ਗਿੱਲ ਨੂੰ ਪਾਰਟੀ ਵੱਲੋਂ ਅੰਮ੍ਰਿਤਸਰ ਦੇ ਸ਼ਹਿਰੀ ਪ੍ਰਧਾਨ ਦੀ ਜਿੰਮੇਵਾਰੀ ਸੌਂਪੀ ਗਈ। ਤਾਂ ਜੋ ਉਹ ਅੰਮ੍ਰਿਤਸਰ ਦੀਆਂ ਬੀਬੀਆ ਭੈਣਾਂ ਨੂੰ ਪਾਰਟੀ ਦੇ ਅਜੰਡਿਆ ਬਾਰੇ ਦੱਸ ਕੇ ਆਪਣੇ ਹੱਕਾਂ ਲਈ ਜਾਗਰੁਕ ਕਰ ਸਕਣ। ਇਸ ਮੌਕੇ ਰਸ਼ਿਪੰਦਰ ਕੌਰ ਗਿੱਲ ਨੇ ਕਿਹਾ ਕਿ ਉਹ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਪਾਰਟੀ ਵਿੱਚ ਇਸ ਮੰਤਵ ਲਈ ਸ਼ਾਮਲ ਹੋ ਰਹੇ ਹਨ ਕਿ ਉਹ ਔਰਤਾਂ ਦੇ ਹੱਕਾਂ ਲਈ ਅਵਾਜ਼ ਬੁਲੰਦ ਕਰ ਸਕਣ



ਅਤੇ ਔਰਤਾਂ ਨੂੰ ਸਵੈ ਨਿਰਭਰ ਬਣਾਉਣ ਲਈ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਪਾਰਟੀ ਦਾ ਸਹਿਯੋਗ ਲੈ ਸਕਣ। ਉਨਾਂ ਕਿਹਾ ਕਿ ਸ. ਸਿਮਰਨਜੀਤ ਸਿੰਘ ਮਾਨ ਜੋ ਕਿ ਮਜੂਦਾ ਐਮ. ਪੀ. ਹਨ ਸੰਗਰੂਰ ਦੇ, ਉਨਾਂ ਵੱਲੋਂ ਸੰਗਰੂਰ ਵਿੱਚ ਕੀਤੇ ਜਾ ਰਹੇ ਵਿਕਾਸ ਕਾਰਜਾਂ ਤੋਂ ਉਹ ਬਹੁਤ ਪ੍ਰਭਾਵਿਤ ਹਨ ਅਤੇ ਉਮੀਦ ਕਰਦੇ ਹਨ ਕਿ ਉਨਾਂ ਦੇ ਸਪੁੱਤਰ ਸ. ਇਮਾਨ ਸਿੰਘ ਮਾਨ ਜੀ ਜੋ ਕਿ ਅੰਮ੍ਰਿਤਸਰ ਤੋਂ ਉਮੀਦਵਾਰ ਹਨ, ਜਿੱਤ ਹਾਂਸਲ ਕਰਕੇ ਆਪਣੇ ਪਿਤਾ ਵਾਂਗ ਹੀ ਸਾਡੇ ਲੋਕ ਸਭਾ ਹਲਕੇ ਵਿੱਚ ਵੀ ਵੱਧ ਤੋਂ ਵੱਧ ਵਿਕਾਸ ਕਰਣਗੇ। ਬੀਬੀ ਰਸ਼ਿਪੰਦਰ ਕੌਰ ਗਿੱਲ ਜੀ ਨੂੰ ਇਸ ਸਮੇਂ ਸ. ਹਰਪਾਲ ਸਿੰਘ ਬਲੇਰ, ਸ. ਉਪਕਾਰ ਸਿੰਘ ਸੰਧੂ, ਜਸਬੀਰ ਸਿੰਘ ਬਚੜੇ ਜਥੇਬੰਦਕ ਸਕੱਤਰ, ਨਿਸ਼ਾਨ ਸਿੰਘ ਬਲੇਰ, ਜਥੇਦਾਰ ਜਗਜੀਤ ਸਿੰਘ ਰਾਮੂਵਾਲ, ਗੁਰਜਿੰਦਰ ਸਿੰਘ ਖਾਪੜਖੇੜੀ, ਬਿਅੰਤ ਸਿੰਘ ਸੰਧੂ, ਨਿਸ਼ਾਨ ਸਿੰਘ ਢਿੱਲੋਂ, ਹਰਪਾਲ ਸਿੰਘ ਖਾਲਿਸਤਾਨੀ, ਰਾਜਾ ਸਿੰਘ ਮੁਸਤਫਾਬਾਦ ਜੀ ਨੇ ਸਿਰੋਪਾਉ ਪਾ ਕੇ ਪਾਰਟੀ ਦੀ ਇਹ ਜਿੰਮੇਵਾਰੀ ਸੌਂਪੀ। ਇਸ ਸਮੇਂ ਪਰਮਜੀਤ ਸਿੰਘ ਸੁੱਖ ਜੀ, ਲਛਮਣ ਸਿੰਘ, ਪਵਿੱਤ ਸਿੰਘ, ਕੰਵਲ ਰੰਧਾਵਾ, ਬਾਉ ਰਾਣਾ ਜੀ, ਹਰਪਾਲ ਸਿੰਘ ਖਾਲਿਸਤਾਨੀ, ਹਰਜੋਤ ਸਿੰਘ ਹਰੜਕਲਾਂ, ਗੁਰਦੇਵ ਸਿੰਘ ਵਰਪਾਲ, ਗੁਰਵਿੰਦਰ ਸਰਕਾਰੀ, ਬਖਤਾਵਰ ਸਿੰਘ, ਦਵਿੰਦਰ ਫੌਜੀ, ਬਾਉ ਅਜੇ ਕੁਮਾਰ, ਹਰਭਜਨ ਸਿੰਘ, ਮਨਪ੍ਰੀਤ ਸਿੰਘ, ਬਚਿੱਤਰ ਸਿੰਘ, ਗੁਰਮੇਜ ਸਿੰਘ, ਕੁਲਦੀਪ, ਕੇਵਲ ਸਿੰਘ, ਮਨਦੀਪ ਕੁਮਾਰ, ਰਣਬੀਰ ਰਾਣਾ, ਕੁਲਵੰਤ ਸਿੰਘ ਵੇਰਕਾ, ਗੁਰਦੀਪ ਸਿੰਘ ਮੁੱਧਲ ਵੀ ਹਾਜ਼ਰ ਸਨ।

# ਸੈਕਟਰੀ ਸਾਹਿਬ ਜੀ ਸ਼ਿਕਾਇਤ ਦੇਣ ਦੇ ਬਾਵਜੂਦ ਬਿਲਡਿੰਗ ਇੰਸਪੈਕਟਰ ਨਹੀਂ ਕਰਦੇ ਕਾਰਵਾਈ :ਪ੍ਰਦੀਪ ਸ਼ਰਮਾ




**ਅੰਮ੍ਰਿਤਸਰ 30 ਅਪ੍ਰੈਲ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਹਲਕਾ ਪੂਰਬੀ ਦੇ ਇਲਾਕਾ ਪ੍ਰਤਾਪ ਨਗਰ ਵਿਖੇ ਇਲਾਕੇ ਦੇ ਸਬੰਧਤ ਅਧਿਕਾਰੀਆਂ ਦੀ ਮਿਲੀਭੁਗਤ ਨਾਲ ਨਜਾਇਜ ਦੁਕਾਨਾਂ ਦੀ ਮਾਰਕੀਟ ਬਿਨਾਂ ਨਕਸ਼ਾ ਪਾਸ ਬਣ ਰਹੀਆ ਹਨ ਇਸ ਨੂੰ ਬੰਦ ਕਰਵਾਇਆ ਜਾਵੇ ਅਤੇ ਇਸ ਦੇ ਖਿਲਾਫ ਬਣਦੀ ਕਾਰਵਾਈ ਕੀਤੀ ਜਾਵੇ ਇਹਨਾਂ ਸ਼ਬਦਾ ਦਾ ਪ੍ਰਗਟਾਵਾ ਸਮਾਜ ਸੇਵਕ ਪ੍ਰਦੀਪ ਸ਼ਰਮਾ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਸਾਂਝਾ ਕੀਤਾ ਉਹਨਾਂ ਕਿਹਾ ਕਿ ਇਹ ਨਜਾਇਜ ਮਾਰਕੀਟ ਜੌ ਬਣ ਰਹੀ ਹੈ ਇਸ ਮਾਰਕੀਟ ਦੇ ਖਿਲਾਫ ਬਣਦੀ ਕਾਰਵਾਈ ਲਈ ਇੱਕ ਲਿਖਤੀ ਸ਼ਿਕਾਇਤ ਐਮ ਟੀ ਪੀ ਨਰਿੰਦਰ ਸ਼ਰਮਾ ਅਤੇ ਇਲਾਕੇ ਦੇ ਸਬੰਧਤ ਬਿਲਡਿੰਗ ਇੰਸਪੈਕਟਰ ਮਨੀਸ਼ ਅਰੋੜਾ ਨੂੰ ਦਿੱਤੀ ਗਈ ਸੀ ਪਰ ਕੋਈ ਕਾਰਵਾਈ ਨਹੀਂ ਕੀਤੀ ਜਾ ਰਹੀ ਹੈ ਅਤੇ ਗੈਰ-ਕਾਨੂੰਨੀ ਢੰਗ ਨਾਲ ਇਸ ਮਾਰਕੀਟ ਦੀਆਂ ਦੁਕਾਨਾਂ ਦੀ ਨਜਾਇਜ ਉਸਾਰੀ ਦਾ ਕੰਮ ਧੜੱਲੇ ਨਾਲ ਮਹਿਕਮੇ ਦੀ ਮਿਲੀਭੁਗਤ ਨਾਲ ਚੱਲ ਰਿਹਾ ਹੈ ਇਸ ਨਜਾਇਜ ਉਸਾਰੀ ਦਾ ਕੰਮ ਬੰਦ ਕਰਵਾਇਆ ਜਾਵੇ ਅਤੇ ਇਸ ਦੇ ਖਿਲਾਫ ਬਣਦੀ ਕਾਰਵਾਈ ਕੀਤੀ ਜਾਵੇ ਇਸ ਨਜਾਇਜ ਉਸਾਰੀ ਦਾ ਕੰਮ ਬਿਨਾਂ ਨਕਸ਼ਾ ਪਾਸ ਕਰਵਾਏ ਕੀਤਾ ਜਾ ਰਿਹਾ ਹੈ ਇਸ ਦੀ ਜਾਂਚ ਕੀਤੀ ਜਾਵੇ ਕੇ ਸਮਾ ਰਹਿੰਦੀਆਂ ਇਸ ਨਜਾਇਜ ਉਸਾਰੀ ਦੇ ਖਿਲਾਫ ਬਣਦੀ ਕਾਰਵਾਈ ਕਿਉਂ ਨਹੀਂ ਕੀਤੀ ਗਈ ਪ੍ਰਦੀਪ ਸ਼ਰਮਾ ਨੇ ਦੱਸਿਆ ਕਿ ਬਿਲਡਿੰਗ ਇੰਸਪੈਕਟਰ ਕੋਲ ਹਲਕਾ ਦੱਖਣੀ ਅਤੇ ਹਲਕਾ ਪੂਰਬੀ ਦਾ ਚਾਰਜ ਹੈ ਅਤੇ ਇਹਨਾ ਦੋਵਾਂ ਹਲਕਿਆ ਵਿੱਚ ਨਜਾਇਜ਼ ਉਸਾਰੀਆਂ ਧੜਾ ਧੜ ਹੋ ਰਹੀਆਂ ਹਨ ਇਸ ਬਾਰੇ ਜਦੋਂ ਬਿਲਡਿੰਗ ਇੰਸਪੈਕਟਰ ਮਨੀਸ਼ ਅਰੋੜਾ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਮਾਮਲਾ ਓਹਨਾ ਦੇ ਧਿਆਨ ਵਿੱਚ ਆਇਆ ਹੈ ਮੌਕਾ ਵੇਖ ਕੇ ਜੌ ਵੀ ਬਣਦੀ ਕਾਰਵਾਈ ਕਰ ਦਿੱਤੀ ਜਾਵੇਗੀ।

# ਸਿਵਲ ਸਰਜਨ ਅੰਮ੍ਰਿਤਸਰ ਡਾ ਵਿਜੇ ਕੁਮਾਰ ਹੋਏ ਸੇਵਾ-ਮੁਕਤ



**ਚੌਕ ਮਹਿਤਾ, 30 ਅਪ੍ਰੈਲ ( ਬਾਬਾ ਸੁਖਵੰਤ ਸਿੰਘ ਚੰਨਣਕੇ)**-ਸਿਹਤ ਵਿਭਾਗ ਵਿਚ ਲਗਭਗ 33 ਸਾਲਾਂ ਦੀ ਸੇਵਾ ਨਿਭਾਓਣ ਉਪਰੰਤ ਸਿਵਲ ਸਰਜਨ ਅੰਮ੍ਰਿਤਸਰ ਡਾ ਵਿਜੇ ਕੁਮਾਰ ਅਤੇ ਸੀਨੀਅਰ ਸਹਾਇਕ ਸ੍ਰੀਮਤੀ ਗੁਰਦੀਸ਼ ਕੌਰ ਲਗਭਗ 26 ਸਾਲਾਂ ਸੇਵਾ ਕਰਨ ਉਪੰਰਤ 30 ਅਪ੍ਰੈਲ ਨੂੰ ਸੇਵਾ ਮੁਕਤ ਹੋ ਗਏ ਹਨ। ਇਸ ਅਵਸਰ ਤੇ ਦਫਤਰ ਸਿਵਲ ਸਰਜਨ ਦੇ ਸਮੂਹ ਸਟਾਫ ਵਲੋਂ ਇਹਨਾਂ ਦੋਵਾਂ ਅਧਿਕਾਰੀਆਂ ਨੂੰ ਨਿੱਘੀ ਵਿਦਾਇਗੀ ਪਾਰਟੀ ਦੇ ਕੇ ਸੇਵਾ ਮੁਕਤ ਕੀਤਾ ਗਿਆ। ਇਸ ਅਵਸਰ ਤੇ ਸੰਬੋਧਨ ਕਰਦਿਆਂ ਵੱਖ-ਵੱਖ ਬੁਲਾਰਿਆਂ ਵਿਚ ਇਪਲਾਈਸ ਵੈਲਫੇਅਰ ਐਸੋਸਿਏਅਨ ਦੇ ਚੇਅਰਮੈਨ ਸ੍ਰੀ ਰਾਕੇਸ਼ ਸ਼ਰਮਾਂ, ਸੀਨੀਅਰ ਮੈਡੀਕਲ ਅਫਸਰ ਡਾ ਮਦਨ ਮੋਹਨ, ਸੀਨੀਅਰ ਜਨਰਲਿਸਟ ਦੀਪਕ ਭੰਡਾਰੀ, ਰਾਜ ਪਰੋਹਿਤ ਗੁਰਮੀਤ, ਸੰਜੀਵ ਆਨੰਦ, ਰਘ ਤਲਵਾੜੂ, ਅਮਰਦੀਪ ਸਿੰਘ, ਮਲਵਿੰਦਰ ਸਿੰਘ, ਪੁਸ਼ਿਪੰਦਰ ਸਿੰਘ, ਮੈਡਮ ਹਰਵਿੰਦਰ ਕੌਰ, ਨਵਦੀਪ ਸਿੰਘ, ਸੁਖਮਨ ਸਿੰਘ, ਸੰਜੀਵ ਕੁਮਾਰ, ਦਲਜੀਤ ਸਿੰਘ, ਰਘੂ ਰਾਜ ਸਮੇਤ ਸਮੂਹ ਸਟਾਫ ਨੇ ਸ਼ੁਭ ਇਛਾਵਾਂ ਦਿੱਤੀਆਂ ਅਤੇ ਕਿਹਾ ਕਿ ਇਹਨਾਂ ਵਲੋਂ ਸਿਹਤ ਵਿਭਾਗ ਵਿਚ ਬਾਖੂਬੀ ਸੇਵਾਂਵਾ ਨਿਭਾਈਆਂ ਹਨ ਅਤੇ ਸਾਰਾ ਸਿਹਤ ਵਿਭਾਗ ਇਹਨਾਂ ਦੀਆਂ ਸੇਵਾਵਾਂ ਲਈ ਇਹਨਾਂ ਨੂੰ ਹਮੇਸ਼ਾਂ ਯਾਦ ਰੱਖੇਗਾ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

### ਖਾਲਿਸਤਾਨ ਐਲਾਨਨਾਮਾ ਦਿਹਾੜੇ ਦੀ

# 36ਵੀਂ ਵਰੇਗੰਢ ਕੈਨੇਡਾ ਦੇ ਗੁਰੂ ਨਾਨਕ ਸਿੱਖ ਗੁਰਦੁਆਰਾ ਸਰੀ ਵਿਖੇ ਮਨਾਈ ਗਈ




**ਨਵੀਂ ਦਿੱਲੀ, 30 ਅਪ੍ਰੈਲ (ਮਨਪ੍ਰੀਤ ਸਿੰਘ ਖਾਲਸਾ)**-ਕੈਨੇਡਾ ਦੇ ਗੁਰੂ ਨਾਨਕ ਸਿੱਖ ਗੁਰਦੁਆਰਾ ਸਰੀ ਡੈਲਟਾ ਵੱਲੋਂ ਖਾਲਿਸਤਾਨ ਐਲਾਨਨਾਮਾ ਦਿਹਾੜਾ ਚੜ੍ਹਦੀ ਕਲਾ ਨਾਲ ਮਨਾਇਆ ਗਿਆ । ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ ਭੋਗ ਤੋਂ ਉਪਰੰਤ ਰਾਗੀ ਸਿੰਘਾਂ ਨੇ ਸ਼ਬਦ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ । ਸਜੇ ਹੋਏ ਦਿਵਾਨਾ ਵਿਚ ਖਾਲਿਸਤਾਨ ਐਲਾਨਨਾਮਾ ਦਿਵਸ ਤੇ ਵਿਸ਼ੇਸ਼ ਤੌਰ ਤੇ ਪਹੁੰਚੇ ਹੋਏ ਬੁਲਾਰਿਆਂ ਨੇ ਆਪੋ ਆਪਣੇ ਵਿਚਾਰ ਸੰਗਤਾਂ ਨਾਲ ਸਾਂਝੇ ਕੀਤੇ । ਭਾਈ ਮੋਨਿੰਦਰ ਸਿੰਘ ਗੁਰਦੁਆਰਾ ਦਸ਼ਮੇਸ਼ ਦਰਬਾਰ ਸਰੀ, ਮੁੱਖ ਬੁਲਾਰਾ ਬੀਸੀ ਗੁਰਦੁਆਰਾ ਕੌਂਸਲ, ਸਿੱਖ ਚਿੰਤਕ, ਬੁੱਧੀਜੀਵੀ ਅਤੇ ਪੰਥਕ ਬੁਲਾਰੇ ਹਨ ਜਿਨ੍ਹਾਂ ਨੇ ਆਪਣੇ ਵਿਚਾਰ ਸੰਗਤਾਂ ਨਾਲ ਸਾਂਝੇ ਕੀਤੇ ਅਤੇ ਖਾਲਿਸਤਾਨ ਐਲਾਨ ਦਿਵਸ ਉੱਤੇ ਉਨ੍ਹਾਂ ਨੇ ਤੱਥਾਂ ਸਾਹਿਤ ਜਾਣਕਾਰੀ ਸੰਗਤਾਂ ਨਾਲ ਸਾਂਝੀ ਕੀਤੀ । ਪੰਥਕ ਬੁਲਾਰਿਆਂ ਵਿੱਚ ਗੁਰੂ ਨਾਨਕ ਸਿੱਖ ਗੁਰਦੁਆਰਾ ਸਾਹਿਬ ਦੇ ਮੁੱਖ ਸਕੱਤਰ ਭਾਈ ਭੁਪਿੰਦਰ ਸਿੰਘ ਹੋਠੀ ਅਤੇ ਗੁਰਮੀਤ ਸਿੰਘ ਤੂਰ, ਜਥੇਦਾਰ ਅਜੈਬ ਸਿੰਘ ਬਾਗੜੀ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਤੋਂ ਹਰਬੰਸ ਸਿੰਘ ਔਜਲਾ, ਭਾਈ ਸੁਨੀਲ ਕੁਮਾਰ ਨੇ ਹਾਜ਼ਰੀਆਂ ਭਰੀਆਂ । ਪੰਥਕ ਸੇਵਾਦਾਰ ਭਾਈ ਨਰਿੰਦਰ ਸਿੰਘ ਖਾਲਸਾ ਵਲੋਂ ਦਸਿਆ ਗਿਆ ਕਿ ਇਸ ਮੌਕੇ ਕੌਮੀ ਸ਼ਹੀਦ ਜਥੇਦਾਰ ਹਰਦੀਪ ਸਿੰਘ ਨਿੱਝਰ ਨੂੰ ਉਚੇਚੇ ਤੌਰ ਯਾਦ ਕੀਤਾ ਗਿਆ ਅਤੇ ਗੁਰਦੁਆਰਾ ਸਾਹਿਬ ਪਹੁੰਚੀਆਂ ਹਜ਼ਾਰਾਂ ਸੰਗਤਾਂ ਨੇ ਖਾਲਿਸਤਾਨ ਦੇ ਜੈਕਾਰਿਆਂ ਨਾਲ ਸ਼ਹੀਦ ਭਾਈ ਨਿੱਝਰ ਨੂੰ ਆਪਣੀ ਸ਼ਰਧਾਂਜਲੀ ਦਿੱਤੀ।

### ਗੁਰੂ ਕਾਸ਼ੀ ਯੂਨੀਵਰਸਿਟੀ ਦੇ ਫੈਕਲਟੀ ਆਫ਼ ਐਗਰੀਕਲਚਰ-ਜੀ (2) ਨੇ

# ਜਿੱਤਿਆ ਇੰਟਰ ਫੈਕਲਟੀ ਰੱਸਾ-ਕਸ਼ੀ ਮੁਕਾਬਲਾ



**ਤਲਵੰਡੀ ਸਾਬੋ, 30 ਅਪ੍ਰੈਲ (ਗੁਰਜੰਟ ਸਿੰਘ ਨਥੇਹਾ)**- ਗੁਰੂ ਕਾਸ਼ੀ ਯੂਨੀਵਰਸਿਟੀ ਦੇ ਡਾਇਰੈਕਟਰ ਆਫ਼ ਸਪੋਰਟਸ ਵੱਲੋਂ ਫੈਕਲਟੀ ਮੈਂਬਰਾਂ, ਸਟਾਫ ਅਤੇ ਹੋਸਟਲ ਦੇ ਵਿਦਿਆਰਥੀਆਂ ਵਿੱਚ ਸਿਹਤ ਅਤੇ ਖੇਡਾਂ ਪ੍ਰਤੀ ਜਾਗਰੂਕਤਾ ਪੈਦਾ ਕਰਨ ਲਈ ਪ੍ਰੋ.(ਡਾ.) ਐਸ.ਕੇ.ਬਾਵਾ ਉਪ ਕੁਲਪਤੀ ਦੀ ਪ੍ਰੇਰਨਾ ਸਦਕਾ ਇੰਟਰ ਫੈਕਲਟੀ ਲੜਕੇ-ਲੜਕੀਆਂ ਅਤੇ ਇੰਟਰ-ਹੋਸਟਲ ਮੁਕਾਬਲੇ ਕਰਵਾਏ ਗਏ। ਜਿਸ ਵਿੱਚ ਯੂਨੀਵਰਸਿਟੀ ਦੀਆਂ 14 ਟੀਮਾਂ ਨੇ ਹਿੱਸਾ ਲਿਆ। ਲੜਕਿਆਂ ਦੇ ਫਾਈਨਲ ਮੁਕਾਬਲੇ ਵਿੱਚ ਫੈਕਲਟੀ ਆਫ਼ ਐਗਰੀਕਲਚਰ ਜੀ-2 ਦੀ ਟੀਮ ਨੇ ਫੈਕਲਟੀ ਆਫ਼ ਐਗਰੀਕਲਚਰ-1 ਨੂੰ 2-1 ਦੇ ਫਰਕ ਨਾਲ ਹਰਾ ਕੇ ਟਰਾਫੀ 'ਤੇ ਕਬਜ਼ਾ ਕੀਤਾ। ਲੜਕੀਆਂ ਦਾ ਫਾਈਨਲ ਮੁਕਾਬਲਾ ਫੈਕਲਟੀ ਆਫ਼ ਫਾਰਮੈਸੀ+ਫੈਕਲਟੀ ਆਫ਼ ਪੈਰਾਮੈਡੀਕਲ+ ਫੈਕਲਟੀ ਆਫ਼ ਫਿਜ਼ੀਓਥੈਰੇਪੀ ਦੀ ਟੀਮ ਨੇ ਫੈਕਲਟੀ ਆਫ਼ ਐਗਰੀਕਲਚਰ ਦੀ ਟੀਮ ਨੂੰ 2-0 ਹਰਾ ਕੇ ਜਿੱਤਿਆ। ਕਲਪਨਾ ਚਾਵਲਾ ਗਰਲਜ਼ ਹੋਸਟਲ ਦੀਆਂ ਵਿਦਿਆਰਥਣਾਂ ਨੇ ਇੰਟਰ ਨੈਸ਼ਨਲ ਹੋਸਟਲ ਦੀਆਂ ਖਿਡਾਰਣਾਂ ਨੂੰ ਹਰਾਇਆ। ਨੀਲਗਿਰੀ ਲੜਕਿਆਂ ਹੋਸਟਲ ਦੇ ਵਿਦਿਆਰਥੀਆਂ ਨੇ ਨੇੜਲੇ ਮੁਕਾਬਲੇ ਵਿੱਚ ਇੰਟਰ ਨੈਸ਼ਨਲ ਹੋਸਟਲ ਦੇ ਵਿਦਿਆਰਥੀਆਂ ਨੂੰ ਸ਼ਿਕਸਤ ਦਿੱਤੀ। ਮੁਕਾਬਲੇ ਬਾਰੇ ਜਾਣਕਾਰੀ ਦਿੰਦਿਆ ਡਾ. ਬਲਵਿੰਦਰ ਕੁਮਾਰ ਸ਼ਰਮਾ, ਨਿਰਦੇਸ਼ਕ ਖੇਡਾਂ ਨੇ ਦੱਸਿਆ ਕਿ ਇਨ੍ਹਾਂ ਮੁਕਾਬਲਿਆਂ ਵਿੱਚ ਫੈਕਲਟੀ ਮੈਂਬਰਾਂ ਅਤੇ ਨਾਨ ਟੀਚਿੰਗ ਸਟਾਫ ਦੇ 18 ਸਾਲ ਤੋਂ 65 ਸਾਲ ਤੱਕ ਦੇ ਸਟਾਫ ਨੇ ਹਿੱਸਾ ਲਿਆ। ਸੀਨੀਅਰ ਸਿਟੀਜ਼ਨ ਖਿਡਾਰੀਆਂ ਦਾ ਇਸ ਮੁਕਾਬਲੇ ਵਿੱਚ ਹਿੱਸਾ ਲੈਣਾ ਨੌਜਵਾਨ ਪੀੜ੍ਹੀ ਲਈ ਪ੍ਰੇਰਣਾਦਈ ਸਾਬਿਤ ਹੋਣ ਤੋਂ ਇਲਾਵਾ ਦਰਸ਼ਕਾਂ ਦੀ ਖਿੱਚ ਦਾ ਕੇਂਦਰ ਬਣਿਆ। ਟੂਰਨਾਮੈਂਟ ਦਾ ਹਰ ਮੁਕਾਬਲਾ ਸੰਘਰਸ਼ਪੂਰਨ ਅਤੇ ਮੰਨੋਰੰਜਕ ਰਿਹਾ। ਵਿਸ਼ੇਸ਼ ਤੌਰ 'ਤੇ ਲੜਕੀਆਂ ਨੇ ਇਸ ਮੁਕਾਬਲੇ ਵਿੱਚ ਜੀ-ਜਾਨ ਨਾਲ ਜ਼ੋਰ ਅਜ਼ਮਾਇਸ਼ ਕੀਤੀ ਅਤੇ ਦਰਸ਼ਕਾਂ ਨੂੰ ਤਾੜੀਆਂ ਮਾਰਨ ਲਈ ਮਜ਼ਬੂਰ ਕੀਤਾ। ਆਯੋਜਕਾਂ ਵੱਲੋਂ ਜੇਤੂ ਖਿਡਾਰੀਆਂ ਨੂੰ ਟਰਾਫੀਆਂ ਅਤੇ ਮੈਡਲਾਂ ਨਾਲ ਸਨਮਾਨਿਤ ਕੀਤਾ ਗਿਆ। ਇਨਾਮ ਵੰਡ ਸਮਾਰੋਹ ਵਿੱਚ ਡਾ. ਜਗਤਾਰ ਸਿੰਘ ਧੀਮਾਨ ਪਰੋ. ਵਾਈਸ ਚਾਂਸਲਰ ਨੇ ਸਾਰਿਆਂ ਨੂੰ ਹਰ ਰੋਜ ਕੁਝ ਸਮਾਂ ਖੇਡ ਮੈਦਾਨ ਵਿੱਚ ਕਸਰਤ ਕਰਨ ਦਾ ਮਸ਼ਵਰਾ ਦਿੱਤਾ। ਉਨ੍ਹਾਂ ਕਿਹਾ ਕਿ ਖੇਡਾਂ ਵਿਦਿਆਰਥੀਆ ਨੂੰ ਅਨੁਸ਼ਾਸਨ ਵਿੱਚ ਰਹਿਣ ਅਤੇ ਸਮੇਂ ਦੀ ਕਦਰ ਕਰਨਾ ਸਿਖਾਉਂਦੀਆਂ ਹਨ। ਇਸ ਮੌਕੇ ਸ. ਸਰਦੂਲ ਸਿੰਘ ਸਿੱਧੂ, ਡਾਇਰੈਕਟਰ ਵਿਦਿਆਰਥੀ ਭਲਾਈ, ਵੱਖ-ਵੱਖ ਫੈਕਲਟੀਆਂ ਦੇ ਡੀਨ, ਸਟਾਫ ਮੈਂਬਰ ਅਤੇ ਵਿਦਿਆਰਥੀਆਂ ਨੇ ਮੁਕਾਬਲਿਆਂ ਦਾ ਆਨੰਦ ਮਾਣਿਆ।

### ਕਲਪਨਾ ਚਾਵਲਾ ਹੋਸਟਲ ਦੀਆਂ ਮੁਟਿਆਰਾਂ ਨੇ ਗਰਲਜ਼ ਟਰਾਫੀ 'ਤੇ ਕੀਤਾ ਕਬਜ਼ਾ

# ਹਰਜੀਤ ਗਰੇਵਾਲ ਵਰਗੇ ਲੋਕ ਭਾਜਪਾ ਦੇ ਸਿੱਖ-ਵਿਰੋਧੀ ਏਜੰਡੇ ਨੂੰ ਲਾਗੂ ਕਰਨ ਵਿੱਚ ਕਾਹਲੇ: ਐਡਵੋਕੇਟ ਧਾਮੀ

## ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਧਾਮੀ ਨੇ ਭਾਜਪਾ ਆਗੂ ਹਰਜੀਤ ਗਰੇਵਾਲ ਦੇ ਬਿਆਨ 'ਤੇ ਦਿੱਤੀ ਤਿੱਖੀ ਪ੍ਰਤੀਕਿਰਿਆ



**ਨਵੀਂ ਦਿੱਲੀ, 30 ਅਪ੍ਰੈਲ (ਮਨਪ੍ਰੀਤ ਸਿੰਘ ਖਾਲਸਾ)**:- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਭਾਰਤੀ ਜਨਤਾ ਪਾਰਟੀ ਦੇ ਆਗੂ ਸ੍ਰੀ ਹਰਜੀਤ ਗਰੇਵਾਲ ਨੂੰ ਮੋੜਵਾਂ ਜਵਾਬ ਦਿੰਦਿਆਂ ਕਿਹਾ ਕਿ ਸਿੱਖ ਸੰਸਥਾ ਸ਼੍ਰੋਮਣੀ ਕਮੇਟੀ ਪੰਥ ਦੀ ਪਹਿਰੇਦਾਰ ਹੁੰਦਿਆਂ ਸਿੱਖ ਸਿਧਾਂਤਾਂ ਵਿਰੁੱਧ ਗਤੀਵਿਧੀਆਂ 'ਤੇ ਹਮੇਸ਼ਾ ਅਵਾਜ਼ ਉਠਾਉਂਦੀ ਰਹੇਗੀ। ਉਨ੍ਹਾਂ ਕਿਹਾ ਕਿ ਦਿੱਲੀ ਗੁਰਦੁਆਰਾ ਕਮੇਟੀ ਦੇ ਕੁਝ ਮੈਂਬਰਾਂ ਵੱਲੋਂ ਭਾਜਪਾ ਵਿੱਚ ਜਾਣ ਦਾ ਸ਼੍ਰੋਮਣੀ ਕਮੇਟੀ ਵੱਲੋਂ ਵਿਰੋਧ ਕੀਤੇ ਜਾਣ ਮਗਰੋਂ ਹਰਜੀਤ ਗਰੇਵਾਲ ਸਿੱਖ ਸਿਧਾਂਤਾਂ ਨੂੰ ਰਲਗੱਡ ਕਰਨ ਵਾਲੀ ਭਾਜਪਾ ਦੀ ਸਾਜ਼ਸ਼ੀ ਨੀਤੀ ਤਹਿਤ ਬਿਆਨਬਾਜੀ ਕਰ ਰਹੇ ਹਨ, ਜਦਕਿ ਸਿੱਖ ਪੰਥ ਜਾਣਦਾ ਹੈ ਕਿ ਭਾਰਤੀ ਜਨਤਾ ਪਾਰਟੀ ਵੱਲੋਂ ਕਿਸ ਤਰ੍ਹਾਂ ਘੱਟਗਿਣਤੀਆਂ ਦੇ ਹੱਕ-ਹਕੂਕ ਖਤਮ ਕੀਤੇ ਜਾ ਰਹੇ ਹਨ। ਐਡਵੋਕੇਟ ਧਾਮੀ ਨੇ ਕਿਹਾ ਕਿ ਆਰਐੱਸਐੱਸ ਦੇ ਏਜੰਡੇ ਤਹਿਤ ਕੰਮ ਕਰਨ ਵਾਲੀ ਭਾਜਪਾ ਸਿੱਖ ਮਸਲਿਆਂ ਵਿੱਚ ਦਖ਼ਲਅੰਦਾਜ਼ੀ ਕਰਕੇ ਗੁਰੂ ਘਰਾਂ ਦੇ ਪ੍ਰਬੰਧ ਨੂੰ ਸਿੱਧੇ ਅਸਿੱਧੇ ਰੂਪ ਵਿੱਚ ਪ੍ਰਭਾਵਿਤ ਕਰਨਾ ਚਾਹੁੰਦੀ ਹੈ, ਜਦਕਿ ਹਰਜੀਤ ਗਰੇਵਾਲ ਵਰਗੇ ਲੋਕ ਭਾਜਪਾ ਦੇ ਸਿੱਖ-ਵਿਰੋਧੀ ਏਜੰਡੇ ਨੂੰ ਲਾਗੂ ਕਰਨ ਵਿੱਚ ਕਾਹਲੇ ਦਿਸਦੇ ਹਨ। ਐਡਵੋਕੇਟ ਧਾਮੀ ਨੇ ਕਿਹਾ ਕਿ ਜਿਸ ਭਾਜਪਾ ਨੂੰ ਸ੍ਰੀ ਗਰੇਵਾਲ ਸਿੱਖ-ਹਿਤੈਸ਼ੀ ਪਾਰਟੀ ਦੱਸ ਰਹੇ ਉਸ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਲੰਬਿਤ ਪਏ ਸਿੱਖ ਮਾਮਲੇ ਸੁਲਝਾਉਣ ਵਿੱਚ ਨਾਕਾਮ ਸਾਬਤ ਹੋਈ ਹੈ। ਉਨ੍ਹਾਂ ਕਿਹਾ ਕਿ ਭਾਵੇਂ ਤਿੰਨ-ਤਿੰਨ ਦਹਾਕਿਆਂ ਤੋਂ ਜੇਲ੍ਹਾਂ ਅੰਦਰ ਨਜ਼ਰਬੰਦ ਸਿੱਖਾਂ ਦਾ ਮਸਲਾ ਹੋਵੇ ਜਾਂ ਪੰਜਾਬ ਤੋਂ ਬਾਹਰਲੇ ਸੂਬਿਆਂ ਨਾਲ ਸਬੰਧਤ ਗੁਰੂ ਘਰਾਂ ਦੇ ਮਾਮਲੇ ਹੋਣ, ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਨੇ ਕਦੇ ਵੀ ਹੱਲ ਕਰਨ ਦੀ ਪਹਿਲਕਦਮੀ ਨਹੀਂ ਕੀਤੀ। ਇੱਥੋਂ ਤੱਕ ਕੇ ਭਾਜਪਾ ਦੀ ਸਰਕਾਰ ਵੱਲੋਂ ਸਿੱਖਾਂ ਦੀ ਪ੍ਰਤੀਨਿਧ ਸੰਸਥਾ ਸ਼੍ਰੋਮਣੀ ਕਮੇਟੀ ਨੂੰ ਸਿੱਖ ਮਸਲਿਆਂ ਸਬੰਧੀ ਸਮਾਂ ਦੇਣਾ ਵੀ ਮੁਨਾਸਿਬ ਨਹੀਂ ਸਮਝਿਆ ਜਾਂਦਾ। ਉਨ੍ਹਾਂ ਕਿਹਾ ਕਿ ਸਿੱਖ ਸਿਧਾਂਤਾਂ ਤੋਂ ਅਣਜਾਣ ਗਰੇਵਾਲ ਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਸ਼੍ਰੋਮਣੀ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਇੱਕੋ ਧਾਰਾ ਦੇ ਹੀ ਦੋ ਅੰਗ ਹਨ, ਜਿਨ੍ਹਾਂ ਨੇ ਹਮੇਸ਼ਾ ਹੀ ਸੰਯੁਕਤ ਯਤਨਾਂ ਨਾਲ ਸਿੱਖ ਮਾਮਲਿਆਂ ਦੀ ਤਰਜਮਾਨੀ ਕੀਤੀ ਹੈ। ਪੰਥ ਦੀਆਂ ਇਹ ਸੰਸਥਾਵਾਂ ਕਿਸੇ ਇੱਕ ਦੀ ਮਲਕੀਅਤ ਨਹੀਂ ਸਗੋਂ ਇਨ੍ਹਾਂ ਦਾ ਇਤਿਹਾਸ ਲੋਕ ਸੰਘਰਸ਼ ਦਾ ਪ੍ਰਤੀਨਿਧ ਰਿਹਾ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਸਮੇਂ-ਸਮੇਂ ਸਰਕਾਰਾਂ ਵੱਲੋਂ ਇਨ੍ਹਾਂ ਪੰਥਕ ਸੰਸਥਾਵਾਂ ਨੂੰ ਕਮਜ਼ੋਰ ਕਰਨ ਦੇ ਯਤਨ ਕੀਤੇ ਜਾਂਦੇ ਰਹੇ ਹਨ, ਜਿਨ੍ਹਾਂ ਦਾ ਕੌਮ ਨੇ ਹਮੇਸ਼ਾ ਮੂੰਹਤੋੜ ਜਵਾਬ ਦਿੱਤਾ ਹੈ। ਮੌਜੂਦਾ ਸਮੇਂ ਵੀ ਇਹ ਸੰਸਥਾਵਾਂ ਸਿੱਖਾਂ ਦੀਆਂ ਤਰਜਮਾਨ ਹਨ ਅਤੇ ਹਰ ਸਿੱਖ ਵਿਰੋਧੀ ਵਰਤਾਰੇ ਨੂੰ ਚੁਣੌਤੀ ਦਿੰਦੀਆਂ ਰਹਿਣਗੀਆਂ। ਬੇਅਦਬੀ ਦੇ ਮਾਮਲੇ ਸਬੰਧੀ ਗਰੇਵਾਲ ਵੱਲੋਂ ਉਠਾਏ ਸਵਾਲ 'ਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਸਿੱਖ ਵਿਰੋਧੀਆਂ ਵੱਲੋਂ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਸਮੇਂ ਪੰਜਾਬ ਅੰਦਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਦੀ ਬੇਅਦਬੀ ਕਰਵਾ ਕੇ ਸੂਬੇ ਦਾ ਮਾਹੌਲ ਖਰਾਬ ਕੀਤਾ ਗਿਆ। ਉਨ੍ਹਾਂ ਕਿਹਾ ਬੀਤੇ ਸਮੇਂ ਵਿੱਚ ਸਾਹਮਣੇ ਆਏ ਤੱਥਾਂ ਤੋਂ ਇਹ ਸਪਸ਼ਟ ਹੋ ਚੁੱਕਾ ਹੈ ਕਿ ਬੇਅਦਬੀ ਦੀਆਂ ਘਟਨਾਵਾਂ ਸਿੱਧੇ ਤੌਰ 'ਤੇ ਡੇਰਾ ਸਿਰਸਾ ਨਾਲ ਸਬੰਧਤ ਲੋਕਾਂ ਵੱਲੋਂ ਕੀਤੀਆਂ ਗਈਆਂ। ਉਨ੍ਹਾਂ ਕਿਹਾ ਕਿ ਸ੍ਰੀ ਗਰੇਵਾਲ ਇਹ ਦੱਸਣ ਕਿ ਬੇਅਦਬੀ ਦੇ ਦੁਖਦਾਈ ਮਾਮਲੇ ਦੇ ਮੁੱਖ ਦੋਸ਼ੀ ਵਜੋਂ ਨਾਮਜ਼ਦ ਹੋ ਚੁੱਕੇ ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ 'ਤੇ ਹਰਿਆਣਾ ਅੰਦਰ ਕਿਸਦੀ ਸਰਕਾਰ ਮੇਹਰਬਾਨ ਹੈ ? ਉਸ ਨੂੰ ਬਾਰ-ਬਾਰ ਬੇਰੋਕ ਪੈਰੋਲ ਕਿਉਂ ਦਿੱਤੀ ਜਾ ਰਹੀ ਹੈ ? ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਸ੍ਰੀ ਹਰਜੀਤ ਗਰੇਵਾਲ ਨੂੰ ਇਸ ਗੱਲ ਦੀ ਵੀ ਕੋਈ ਸਮਝ ਨਹੀਂ ਹੈ ਕਿ ਸ਼੍ਰੋਮਣੀ ਕਮੇਟੀ ਸਿੱਖੀ ਪ੍ਰਚਾਰ ਦੇ ਨਾਲ-ਨਾਲ ਦੇਸ਼ ਭਰ ਅੰਦਰ 100 ਤੋਂ ਵੱਧ ਵਿਦਿਅਕ ਅਦਾਰੇ ਚਲਾ ਰਹੀ ਹੈ। ਉਨ੍ਹਾਂ ਆਖਿਆ ਕਿ ਭਾਵੇਂ ਵਿਦਿਆ ਮੁਹੱਈਆ ਕਰਵਾਉਣਾ ਸਰਕਾਰਾਂ ਦਾ ਕੰਮ ਹੈ ਪਰੰਤੂ ਸਿੱਖ ਸੰਸਥਾ ਸ਼੍ਰੋਮਣੀ ਕਮੇਟੀ ਨੇ ਮੋਹਰੀ ਹੋ ਕੇ ਪੰਜਾਬ ਦੇ ਨਾਲ-ਨਾਲ ਹੋਰਨਾਂ ਸੂਬਿਆਂ ਅੰਦਰ ਵੀ ਕਾਮਯਾਬੀ ਨਾਲ ਵਿਦਿਅਕ ਅਦਾਰੇ ਚਲਾਏ ਹਨ। ਇਸ ਦੀ ਮਿਸਾਲ ਸ਼੍ਰੋਮਣੀ ਕਮੇਟੀ ਦੇ ਵਿਦਿਅਕ ਅਦਾਰਿਆਂ ਵਿੱਚ ਪੜ੍ਹ ਰਹੇ ਹਜ਼ਾਰਾਂ ਵਿਦਿਆਰਥੀ ਹਨ, ਜਿਨ੍ਹਾਂ ਨੂੰ ਸਿਖਿਆ ਦੇ ਨਾਲ-ਨਾਲ ਨੈਤਿਕ ਕਦਰਾਂ ਕੀਮਤਾਂ ਅਤੇ ਸਿੱਖ ਵਿਰਾਸਤ ਨਾਲ ਵੀ ਜੋੜਿਆ ਜਾਂਦਾ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਸਪਸ਼ਟ ਤੌਰ 'ਤੇ ਕਿਹਾ ਕਿ ਸ਼੍ਰੋਮਣੀ ਕਮੇਟੀ ਸਿੱਖ ਸਿਧਾਂਤਾਂ ਤੇ ਸਿੱਖ ਸਰੋਕਾਰਾਂ ਦੀ ਤਰਜਮਾਨੀ ਕਰਨ ਤੋਂ ਕਦੇ ਵੀ ਪਿੱਛੇ ਨਹੀਂ ਹਟੇਗੀ।

## ਲਖਜਿੰਦਰ ਸਿੰਘ ਭੁੱਲਰ ਯੂਥ ਅਕਾਲੀ ਦਲ ਪੰਜਾਬ ਦੇ ਜਨਰਲ ਸਕੱਤਰ ਨਿਯੁਕਤ



**ਚੌਕ ਮਹਿਤਾ,30 ਅਪ੍ਰੈਲ ( ਬਾਬਾ ਸੁਖਵੰਤ ਸਿੰਘ ਚੰਨਣਕੇ)**-ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸ ਸੁਖਬੀਰ ਸਿੰਘ ਜੀ ਬਾਦਲ ਵਲੋ ਲਖਜਿੰਦਰ ਸਿੰਘ ਭੁੱਲਰ ਮਹਿਮਾ ਦੀਆ ਪਾਰਟੀ ਪ੍ਰਤੀ ਸੇਵਾਵਾਂ ਨੂੰ ਮੁੱਖ ਰੱਖਦੇ ਹੋਏ ਯੂਥ ਅਕਾਲੀ ਦਲ ਪੰਜਾਬ ਦਾ ਕੌਮੀ ਜਨਰਲ ਸਕੱਤਰ ਨਿਯੁਕਤ ਕੀਤਾ ਗਿਆ ਇਸ ਮੌਕੇ ਲਖਜਿੰਦਰ ਸਿੰਘ ਭੁੱਲਰ ਨੇ ਸਾਬਕਾ ਕੈਬਨਿਟ ਮੰਤਰੀ ਪੰਜਾਬ ਜੱਥੇਦਾਰ ਗੁਲਜ਼ਾਰ ਸਿੰਘ ਰਣੀਕੇ ਅਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ, ਯੂਥ ਅਕਾਲੀ ਦਲ ਪੰਜਾਬ ਦੇ ਪ੍ਰਧਾਨ ਸਰਬਜੀਤ ਸਿੰਘ ਜੀ ਝਿੰਜਰ ਅਤੇ ਸ਼੍ਰੋਮਣੀ ਕਮੇਟੀ ਮੈਂਬਰ ਸ੍ਰ ਗੁਰਿੰਦਰਪਾਲ ਸਿੰਘ ਲਾਲੀ ਰਣੀਕੇ ਅਤੇ ਸਮੁੱਚੀ ਪਾਰਟੀ ਹਾਈਕਮਾਂਡ ਦਾ ਬਹੁਤ ਧੰਨਵਾਦ ਕਰਦਿਆ ਕਿਹਾ ਕਿ ਪਾਰਟੀ ਪ੍ਰਤੀ ਸੇਵਾ ਨੂੰ ਮੁੱਖ ਰੱਖਦਿਆਂ ਹੋਇਆਂ ਨੂੰ ਕੌਮੀ ਜਰਨਲ ਸਕੱਤਰ (ਯੂਥ ਅਕਾਲੀ ਦਲ) ਪੰਜਾਬ ਦਾ ਅਹੁਦਾ ਦੇ ਕੇ ਮਾਨ ਬਖਸ਼ਿਆ ਗਿਆ ਹੈ ਉਸ ਲਈ ਤਹਿ ਦਿਲੋਂ ਧੰਨਵਾਦੀ ਹਾਂ ਅਤੇ ਪਾਰਟੀ ਹਾਈ ਕਮਾਂਡ ਨੂੰ ਵਿਸ਼ਵਾਸ ਦਵਾਉਂਦਾ ਹਾਂ ਕਿ ਪਹਿਲੇ ਤੋਂ ਵੀ ਵੱਧ ਮਿਹਨਤ ਕਰਾਂਗਾ ਪਾਰਟੀ ਅਤੇ ਆਪਣੇ ਪੰਜਾਬ ਪੰਜਾਬੀਅਤ ਦੀ ਸੇਵਾ ਵਿੱਚ ਦਿਨ ਰਾਤ ਹਾਜ਼ਰ ਰਹਾਂਗਾ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਬਜ਼ੁਰਗਾਂ ਨੂੰ ਮਿਲੇ

# ਆਯੁਸ਼ਮਾਨ ਭਾਰਤ ਸਿਹਤ ਬੀਮਾ ਯੋਜਨਾ ਦਾ ਲਾਭ—ਸ਼ਰਮਾ



**ਫ਼ਿਰੋਜ਼ਪੁਰ, 30 ਅਪ੍ਰੈਲ (ਮਨੋਹਰ ਲਾਲ) :—** ਦੇਸ਼ ਦੀਆਂ ਸਾਰੀਆਂ ਸਰਕਾਰਾਂ ਅਤੇ ਰਾਜਨੀਤਿਕ ਪਾਰਟੀਆਂ ਬਜ਼ੁਰਗਾਂ ਨੂੰ ਸਨਮਾਨ ਦੇਣ ਦੀ ਗੱਲ ਕਰਦੀਆਂ ਹਨ, ਪਰ ਕਿਸੇ ਨੇ ਨਹੀਂ ਸੋਚਿਆ ਕਿ ਬਜ਼ੁਰਗਾਂ ਦੀ ਸਿਹਤ ਦਾ ਧਿਆਨ ਰੱਖਣਾ ਕਿੰਨਾ ਜਰੂਰੀ ਹੈ ਕਦੇ ਕਿਸੇ ਸਰਕਾਰ ਜਾਂ ਪਾਰਟੀ ਨੇ ਇਹ ਨਹੀਂ ਕਿਹਾ ਕਿ ਆਯੁਸ਼ਮਾਨ ਭਾਰਤ ਸਿਹਤ ਬੀਮਾ ਯੋਜਨਾ ਵਿੱਚ ਬਜ਼ੁਰਗਾਂ ਨੂੰ ਬਿਨਾਂ ਉਮਰ, ਜਾਤ, ਧਰਮ ਜਾਂ ਰੰਗ ਦੇ ਭੇਦਭਾਵ ਦੇ ਸਾਰੇ ਬਜ਼ੁਰਗਾਂ ਨੂੰ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ। ਗੱਲਬਾਤ ਕਰਦਿਆਂ ਪੀ.ਡੀ ਸ਼ਰਮਾ ਐਲ.ਐਲ.ਬੀ, ਜ਼ਿਲ੍ਹਾ ਮੁਖੀ ਸੀਨੀਅਰ ਸਿਟੀਜ਼ਨ ਕੌਂਸਲ ਫ਼ਿਰੋਜ਼ਪੁਰ ਪੰਜਾਬ ਨੇ ਕਿਹਾ ਕਿ ਦੂਜੇ ਦੇਸ਼ਾਂ ਵਾਂਗ, ਭਾਰਤ ਵਿੱਚ ਵੀ 60 ਸਾਲ ਤੋਂ ਵੱਧ ਉਮਰ ਦੇ ਸਾਰੇ ਬਜ਼ੁਰਗਾਂ ਨੂੰ ਆਯੁਸ਼ਮਾਨ ਭਾਰਤ ਸਿਹਤ ਬੀਮਾ ਯੋਜਨਾ ਵਿੱਚ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ ਤਾਂ ਜੋ ਹਰੇਕ ਸੀਨੀਅਰ ਸਿਟੀਜਨ ਬਜ਼ੁਰਗ ਆਪਣੀ ਬਿਮਾਰੀ ਦਾ 5 ਲੱਖ ਰੁਪਏ ਤੱਕ ਦਾ ਇਲਾਜ ਕਰਵਾ ਸਕਣ ਅਤੇ ਉਨ੍ਹਾਂ ਨੂੰ ਬਿਮਾਰ ਹੋਣ ਤੇ ਉਨ੍ਹਾਂ ਨੂੰ ਦਰ—ਦਰ ਦੀਆਂ ਠੋਕਰਾਂ ਨਾ ਖਾਣੀਆਂ ਪੈਣ। ਉਨ੍ਹਾਂ ਕਿਹਾ ਕਿ ਜੇਕਰ ਅਸੀਂ ਸਰਕਾਰੀ ਮੁਲਾਜ਼ਮਾਂ ਦੀ ਗੱਲ ਕਰੀਏ ਤਾਂ ਉਹ ਸਾਰੇ ਕਰਮਚਾਰੀ ਕਹਿ ਸਕਦੇ ਹਾਂ ਕਿ ਉਨ੍ਹਾਂ ਦਾ ਵਿਭਾਗ ਕਿਸੇ ਵੀ ਕਰਮਚਾਰੀ ਨੂੰ ਇਲਾਜ ਲਈ ਕਿਸੇ ਹਸਪਤਾਲ ਜਾਂ ਸਿਹਤ ਕੇਂਦਰ ਵਿੱਚ ਦਾਖਲ ਕਰਵਾਉਣ ਤੇ ਉਨ੍ਹਾ ਤੇ ਆਏ ਖਰਚੇ ਦੇ ਬਿੱਲ ਦੀ ਪ੍ਰਤੀਪੂਰਤੀ ਕਰਦਾ ਹੈ, ਸਿਰਫ਼ ਹਸਪਤਾਲ ਵਿੱਚ ਦਾਖ਼ਲੇ ਲਈ ਨਿਯਮ ਸਾਰੀਆਂ ਸਰਕਾਰਾਂ ਆਪਣੀ—ਆਪਣੀ ਸੀਮਾ ਵਿੱਚ ਬਣਾਉਂਦੀਆਂ ਹਨ। ਉਕਤ ਨਿਯਮਾਂ ਅਨੁਸਾਰ ਸਾਰੀਆਂ ਸਰਕਾਰਾਂ ਆਪੋ—ਆਪਣੇ ਅਧਿਕਾਰ ਖੇਤਰਾਂ ਵਿਚ ਬਣੇ ਨਿਯਮਾਂ ਅਨੁਸਾਰ ਬਿੱਲਾਂ ਦੀ ਭਰਪਾਈ ਕਰਦੀਆਂ ਹਨ, ਪਰ ਕੁਝ ਅਜਿਹੇ ਬਜ਼ੁਰਗ ਹਨ ਜੋ ਨਾ ਤਾਂ ਸਰਕਾਰੀ ਨੌਕਰੀ ਤੋਂ ਸੇਵਾ ਮੁਕਤ ਹੋਏ ਹਨ ਅਤੇ ਨਾ ਹੀ ਉਨ੍ਹਾਂ ਕੋਲ ਇੰਨ੍ਹੇ ਪੈਸੇ ਹਨ ਕਿ ਉਹ ਬਿਮਾਰ ਹੋਣ ਤੇ ਕਿਸੇ ਚੰਗੇ ਹਸਪਤਾਲ ਤੋਂ ਆਪਣਾ ਇਲਾਜ ਕਰਵਾ ਸਕਣ। ਇਨ੍ਹਾਂ ਨੂੰ ਤੰਦਰੁਸਤ ਰੱਖਣਾ ਸਰਕਾਰਾਂ ਦੀ ਜ਼ਿੰਮੇਵਾਰੀ ਬਣਦੀ ਹੈ। ਉਨ੍ਹਾਂ ਕਿਹਾ ਕਿ ਲੋਕ ਦਸਦੇ ਹਨ ਜੋ ਵਿਦੇਸ਼ਾਂ ਦਾ ਦੌਰਾ ਕਰਕੇ ਆਉਂਦੇ ਹਨ ਕਿ ਜੇਕਰ ਵਿਦੇਸ਼ਾਂ ਵਿੱਚ ਕੋਈ ਵੀ ਸੀਨੀਅਰ ਸਿਟੀਜ਼ਨ ਭਾਵੇਂ ਭਾਰਤ ਦਾ ਨਾਗਰਿਕ ਹੀ ਕਿਉਂ ਨਾ ਹੋਵੇ, ਜੇਕਰ ਉਸਦੇ ਬੱਚੇ ਉੱਥੇ ਦੇ ਨਾਗਰਿਕ ਹਨ ਤਾਂ ਸਰਕਾਰ ਸਾਰਾ ਖਰਚਾ ਚੁੱਕਦੀ ਹੈ ਤੇ ਫਿਰ ਸਾਡੇ ਦੇਸ਼ ਵਿੱਚ ਕਿਉਂ ਨਹੀਂ। ਅਜਿਹਾ ਕੁਝ ਸਾਡੇ ਦੇਸ਼ ਵਿੱਚ ਘੱਟ ਹੀ ਦੇਖਣ ਨੂੰ ਮਿਲਦਾ ਹੈ, ਭਾਵੇਂ ਕਿ ਸਾਡੇ ਦੇਸ਼ ਦੇ ਨਾਗਰਿਕਾਂ ਦਾ ਅਧਿਕਾਰ ਹੈ ਕਿ ਸਰਕਾਰਾਂ ਉਨ੍ਹਾਂ ਦੀ ਸਿਹਤ ਦਾ ਧਿਆਨ ਰੱਖਣ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਅਤੇ ਸਾਰੀਆਂ ਰਾਜ ਸਰਕਾਰਾਂ ਨੂੰ ਆਪਣੇ ਦੇਸ਼ ਦੇ ਬਜ਼ੁਰਗ ਨਾਗਰਿਕਾਂ ਨੂੰ ਆਯੁਸ਼ਮਾਨ ਭਾਰਤ ਸਿਹਤ ਬੀਮਾ ਯੋਜਨਾ ਵਿੱਚ ਦੇਸ਼ ਦੇ ਸਾਰੇ ਬਜ਼ੁਰਗਾਂ ਨੂੰ ਇਸ ਯੋਜਨਾ ਵਿੱਚ ਸ਼ਾਮਲ ਕਰਨਾ ਚਾਹੀਦਾ ਹੈ, ਸਿਰਫ ਚੋਣ ਮੈਨੀਫੈਸਟੋ ਵਿੱਚ ਹੀ ਨਹੀਂ ਅਸਲ ਵਿੱਚ ਸ਼ਾਮਲ ਕਰਨਾ ਚਾਹੀਦਾ ਹੈ। ਸਰਕਾਰਾਂ ਨੂੰ ਇਸ ਤੇ ਜ਼ਿਆਦਾ ਖਰਚ ਨਹੀਂ ਕਰਨਾ ਪੈਣਾ, ਕਿਉਂਕਿ ਇਨ੍ਹਾਂ ਚੋਂ ਬਹੁਤ ਸਾਰੇ ਨਾਗਰਿਕ ਸੇਵਾ ਮੁਕਤ ਵਾਲੇ ਸਰਕਾਰੀ ਕਰਮਚਾਰੀ ਹਨ, ਜਿਨ੍ਹਾਂ ਨੂੰ ਸਾਰੀਆਂ ਸਰਕਾਰਾਂ ਕੁਝ ਹੱਦ ਤੱਕ ਸਿਹਤ ਸਹੂਲਤਾਂ ਪ੍ਰਦਾਨ ਕਰਦੀਆਂ ਹਨ।

ਉਨ੍ਹਾਂ ਕਿਹਾ ਕਿ ਸਾਡਾ ਦੇਸ਼ ਦੁਨੀਆ ਵਿਚ ਤੀਜੇ ਨੰਬਰ ਤੇ ਆਉਣ ਦੀ ਦੌੜ ਵਿਚ ਹੈ, ਪਰ ਇਸ ਤੋਂ ਪਹਿਲਾਂ ਭਾਰਤ ਦੇ ਸਾਰੇ ਬਜ਼ੁਰਗਾਂ ਨੂੰ ਆਯੁਸ਼ਮਾਨ ਭਾਰਤ ਸਿਹਤ ਬੀਮਾ ਯੋਜਨਾ ਵਿਚ ਸ਼ਾਮਲ ਕਰਨਾ ਬਹੁਤ ਜ਼ਰੂਰੀ ਹੈ ਕਿਉਂਕਿ ਸਾਡੇ ਦੇਸ਼ ਦੇ ਬਜ਼ੁਰਗ ਨਾਗਰਿਕਾਂ ਦੀ ਸਿਹਤ ਅਤੇ ਤੰਦਰੁਸਤੀ ਜੋ ਆਪਣੀ ਜ਼ਿੰਦਗੀ ਦੇਸ਼ ਨੂੰ ਸਮਰਪਿਤ ਕਰ ਚੁੱਕੇ ਹਨ, ਇਹ ਸਰਕਾਰਾਂ ਦੀ ਜ਼ਿੰਮੇਵਾਰੀ ਬਣਦੀ ਹੈ।ਇਸ ਲਈ ਸੀਨੀਅਰ ਸਿਟੀਜ਼ਨ ਕੌਂਸਲ ਰਜਿਸਟਰਡ ਫ਼ਿਰੋਜ਼ਪੁਰ ਜ਼ਿਲ੍ਹਾ ਫਿਰੋਜ਼ਪੁਰ ਪੰਜਾਬ ਕੇਂਦਰ ਸਰਕਾਰ ਹੀ ਨਹੀਂ ਸਗੋਂ ਦੇਸ਼ ਦੀਆਂ ਸਮੂਹ ਰਾਜ ਸਰਕਾਰਾਂ ਅਤੇ ਕੇਂਦਰ ਸਰਕਾਰ ਨੂੰ ਵੀ ਬੇਨਤੀ ਕਰਦੀ ਹੈ ਕਿ ਸਾਰੇ ਰਾਜਾਂ ਵਿੱਚ ਬਜ਼ੁਰਗਾਂ ਦੇ ਸਤਿਕਾਰ ਵਜੋਂ ਉਨ੍ਹਾਂ ਦੀ ਸਿਹਤ ਦਾ ਵਿਸ਼ੇਸ਼ ਧਿਆਨ ਰੱਖਿਆ ਜਾਵੇ। ਉਨ੍ਹਾਂ ਨੂੰ ਆਯੂਸ਼ਮਾਨ ਭਾਰਤ ਸਿਹਤ ਬੀਮਾ ਯੋਜਨਾ ਦਾ ਲਾਭ ਦਿੱਤਾ ਜਾਵੇ ਤਾਂ ਜੋ ਉਨ੍ਹਾਂ ਨੂੰ ਬਿਮਾਰ ਹੋਣ ਤੇ ਦਰ ਦਰ ਦੇ ਥੱਕੇ ਨਾ ਖਾਣੇ ਪੈਣ ਸਾਰੇ ਸੀਨੀਅਰ ਨਾਗਰਿਕਾਂ ਨੂੰ ਆਯੁਸ਼ਮਾਨ ਭਾਰਤ ਸਿਹਤ ਬੀਮਾ ਯੋਜਨਾ ਵਿੱਚ ਸ਼ਾਮਲ ਕੀਤਾ ਜਾਵੇ। ਭਾਰਤੀ ਜਨਤਾ ਪਾਰਟੀ ਨੇ ਆਪਣੇ ਚੌਣ ਮੈਨੀਫੈਸਟੋ ਵਿੱਚ ਇਹ ਲਿਖਆ ਹੈ ਕਿ ਜੇਕਰ ਉਸਦੀ ਸਰਕਾਰ ਬਣੀ ਤਾਂ ਉਹ 70 ਸਾਲ ਤੋਂ ਵੱਧ ਉਮਰ ਦੇ ਸਾਰੇ ਸੀਨੀਅਰ ਨਾਗਰਿਕਾਂ ਨੂੰ ਆਯੁਸ਼ਮਾਨ ਭਾਰਤ ਸਿਹਤ ਬੀਮਾ ਯੋਜਨਾ ਦਾ ਲਾਭ ਦੇਵੇਗੀ, ਪਰ ਮੈਂ ਇਹ ਬੇਨਤੀ ਕਰਨਾ ਚਾਹੁੰਦਾ ਹਾਂ ਕਿ 70 ਸਾਲ ਤੋਂ ਵੱਧ ਉਮਰ ਦੇ ਸੀਨੀਅਰ ਨਾਗਰਿਕਾਂ ਨੂੰ ਆਯੁਸ਼ਮਾਨ ਭਾਰਤ ਸਿਹਤ ਬੀਮਾ ਯੋਜਨਾ ਦਾ ਲਾਭ ਦਿੱਤਾ ਜਾਣਾ ਚਾਹੀਦਾ ਹੈ 60 ਸਾਲ ਦੀ ਉਮਰ ਪੂਰੀ ਕਰਨ ਤੋਂ ਬਾਅਦ ਆਯੁਸ਼ਮਾਨ ਭਾਰਤ ਸਿਹਤ ਬੀਮਾ ਯੋਜਨਾ ਦਾ ਲਾਭ ਕਿਉਂ ਨਹੀਂ ਕੀਤਾ ਜਾਂਦਾ। ਉਨ੍ਹਾਂ ਕਿਹਾ ਕਿ ਆਯੁਸ਼ਮਾਨ ਭਾਰਤ ਸਵਾਸਥ ਬੀਮਾ ਯੋਜਨਾ ਵਿੱਚ 60 ਸਾਲ ਤੋਂ ਵੱਧ ਉਮਰ ਦੇ ਸਾਰੇ ਬਜ਼ੁਰਗ ਨਾਗਰਿਕਾਂ ਨੂੰ ਸ਼ਾਮਲ ਕਰਕੇ ਬਿਨਾਂ ਕਿਸੇ ਭੇਦਭਾਵ ਦੇ ਉਮਰ ਦਾ ਧਿਆਨ ਰੱਖਦੇ ਹੋਏ ਆਯੁਸ਼ਮਾਨ ਭਾਰਤ ਸਿਹਤ ਬੀਮਾ ਯੋਜਨਾ ਦਾ ਲਾਭ ਦਿੱਤਾ ਜਾਣਾ ਚਾਹੀਦਾ ਹੈ ਸਰਕਾਰਾਂ ਦੇ ਸਾਰੇ ਸੇਵਾਮੁਕਤ ਕਰਮਚਾਰੀਆਂ ਨੂੰ ਆਯੁਸ਼ਮਾਨ ਭਾਰਤ ਸਿਹਤ ਬੀਮਾ ਯੋਜਨਾ ਅਤੇ ਰੀਇੰਬਰਸਮੈਂਟ ਅਦਾਇਗੀ ਵਿੱਚੋਂ ਇੱਕ ਦੀ ਚੋਣ ਕਰਨ ਲਈ ਕਿਹਾ ਜਾਣਾ ਚਾਹੀਦਾ ਹੈ ਤਾਂ ਜੋ ਸਾਰੇ ਲੋਕ ਬਰਾਬਰ ਲਾਭ ਲੈ ਸਕਣ।

# ਮਈ ਦਿਵਸ ਦੀਆਂ ਤਿਆਰੀਆਂ ਮੁਕੰਮਲ ਸ਼ਰਧਾਂਜਲੀ ਸਮਾਗਮ ਅੱਜ






**ਫ਼ਿਰੋਜ਼ਪੁਰ, 30 ਅਪ੍ਰੈਲ (ਮਨੋਹਰ ਲਾਲ) :—** ਪਹਿਲੀ ਮਈ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਦੇਣ ਸਬੰਧੀ ਆਲ ਇੰਪਲਾਈਜ ਕੋ—ਆਰਡੀਨੇਸਨ ਕਮੇਟੀ ਫਿਰੋਜ਼ਪੁਰ ਵੱਲੋਂ ਹਰ ਸਾਲ ਦੀ ਤਰ੍ਹਾਂ ਡਰਾਈਵਰ ਤੇ ਗਾਰਡ ਰਨਿੰਗ ਰੂਮ (ਨੇੜੇ ਟੈਂਕਾਂ ਵਾਲੀ ਵਸਤੀ) ਵਿਖੇ ਕੀਤੇ ਜਾ ਰਹੇ ਸ਼ਰਧਾਂਜਲੀ ਸਮਾਗਮ ਦੀਆਂ ਤਿਆਰੀਆਂ ਮੁਕੰਮਲ ਹੋ ਚੁੱਕੀਆਂ ਹਨ। ਇਸ ਸਬੰਧੀ ਇਕ ਮੀਟਿੰਗ ਸੁਭਾਸ਼ ਸ਼ਰਮਾ ਦੀ ਪ੍ਰਧਾਨਗੀ ਹੇਠ ਨਾਰਦਰਨ ਰੇਲਵੇ ਮੈਨਜ ਯੂਨੀਅਨ ਦਫਤਰ ਫਿਰੋਜਪੁਰ ਵਿਖੇ ਕੀਤੀ ਗਈ। ਇਸ ਮੌਕੇ ਆਗੂਆਂ ਨੇ ਪਹਿਲੀ ਮਈ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਨ ਤੇ ਵੱਧ ਰਹੀ ਮਹਿੰਗਾਈ, ਬੇਰੁਜ਼ਗਾਰੀ ਅਤੇ ਕੇਂਦਰ ਤੇ ਰਾਜ ਸਰਕਾਰ ਦੀਆਂ ਨਿਜੀਕਰਨ ਦੀਆਂ ਨੀਤੀਆਂ, ਮਜ਼ਦੂਰਾਂ ਦੀ ਹੋ ਰਹੀ ਲੁੱਟ ਤੇ ਖੁੱਲ ਕੇ ਵਿਚਾਰਾਂ ਕੀਤੀਆਂ। ਪਹਿਲੀ ਮਈ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਕੀਤੇ ਜਾ ਰਹੇ ਸਮਾਗਮ ਦੀਆਂ ਤਿਆਰੀਆਂ ਲਈ ਵੱਖ—ਵੱਖ ਆਗੂਆਂ ਦੀਆਂ ਡਿਊਟੀਆਂ ਲਾਈਆਂ ਗਈਆਂ। ਉਨ੍ਹਾਂ ਨੇ ਸਮੂਹ ਮੁਲਾਜ਼ਮਾਂ, ਪੈਨਸ਼ਨ ਅਤੇ ਮਜ਼ਦੂਰਾਂ ਨੂੰ ਅਪੀਲ ਕੀਤੀ ਕਿ ਪਹਿਲੀ ਮਈ ਦੇ ਸ਼ਹੀਦਾਂ ਨੂੰ ਸਰਧਾਜਲੀ ਭੇਟ ਕਰਨ ਲਈ ਠੀਕ 11 ਵਜੇ ਡਰਾਈਵਰ ਤੇ ਗਾਰਡ ਰਨਿੰਗ ਰੂਮ (ਨੇੜੇ ਟੈਂਕਾਂ ਵਾਲੀ ਵਸਤੀ) ਵਿਖੇ ਸਮੇਂ ਸਿਰ ਪਹੁੰਚਣ ਦੀ ਬੇਨਤੀ ਕੀਤੀ। ਇਸ ਮੀਟਿੰਗ ਵਿੱਚ ਆਲ ਇੰਪਲਾਈਜ ਕੋ—ਆਰਡੀਨੇਸਨ ਕਮੇਟੀ ਦੇ ਪ੍ਰਧਾਨ ਸੁਭਾਸ਼ ਸ਼ਰਮਾ, ਕਨਵੀਨਰ ਸੁਰਿੰਦਰ ਸਿੰਘ, ਜਨਰਲ ਸਕੱਤਰ ਕਿਸ਼ਨ ਚੰਦ ਜਾਗੋਵਾਲੀਆ, ਖਜਾਨਚੀ ਮਹਿੰਦਰ ਸਿੰਘ ਧਾਲੀਵਾਲ, ਜਗਦੀਪ ਸਿੰਘ ਮਾਂਗਟ ਜਨਰਲ ਸਕੱਤਰ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ, ਗੁਰਪ੍ਰੀਤ ਸਿੰਘ ਪ੍ਰਧਾਨ ਸ਼ਹੀਦ ਭਗਤ ਸਿੰਘ ਵੈਲਫੇਅਰ ਐਸੋਸੀਏਸ਼ਨ, ਆਰ.ਸੀ ਮਹਿਤਾ ਰਿਟਾਇਰ ਪੈਨਸ਼ਨ ਯੂਨੀਅਨ ਰੇਲਵੇ, ਪੈਨਸ਼ਨਰ ਵੈਲਫੇਅਰ ਐਸੋਸੀਏਸ਼ਨ ਦੇ ਆਗੂ ਚੰਦਰ ਮੋਹਨ, ਸਤਨਾਮ ਸਿੰਘ, ਹਰੀ ਕ੍ਰਿਸ਼ਨ, ਨਾਰਦਰਨ ਰੇਲਵੇ ਮੈਨਜ ਯੂਨੀਅਨ ਦੇ ਪਦਮ ਕੁਮਾਰ ਤੇ ਜੋਗਿੰਦਰ ਸਿੰਘ ਮੀਟਿੰਗ ਵਿੱਚ ਸ਼ਾਮਿਲ ਹੋਏ।

# ਕੈਨੇਡਾ ਦੇ ਪ੍ਰਸਿੱਧ ਰੇਡੀਓ ਪੇਸ਼ਕਾਰ ਹਰਜਿੰਦਰ ਥਿੰਦ ਨੂੰ ਸ. ਜਗਦੇਵ ਸਿੰਘ ਜੱਸੋਵਾਲ ਯਾਦਗਾਰੀ ਪੁਰਸਕਾਰ ਪ੍ਰਦਾਨ



**ਚੌਕ ਮਹਿਤਾ, 30 ਅਪ੍ਰੈਲ( ਬਾਬਾ ਸੁਖਵੰਤ ਸਿੰਘ ਚੰਨਣਕੇ)** -ਪਿਛਲੇ 40 ਸਾਲ ਤੋਂ ਕੈਨੇਡਾ ਵਿੱਚ ਰੇਡੀਓ ਪ੍ਰਸਾਰਨ ਦੇ ਪ੍ਰਮੁੱਖ ਪੇਸ਼ਕਾਰ ਹਰਜਿੰਦਰ ਥਿੰਦ ਨੂੰ ਅੱਜ ਗੁਰਦੇਵ ਨਗਰ ਵਿਖੇ ਸ. ਜਗਦੇਵ ਸਿੰਘ ਜੱਸੋਵਾਲ ਦੇ ਜਨਮ ਦਿਨ ਸਮਾਰੋਹ ਮੌਕੇ ਸ. ਜਗਦੇਵ ਸਿੰਘ ਜੱਸੋਵਾਲ ਯਾਦਗਾਰੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ। ਸਨਮਾਨ ਪ੍ਰਦਾਨ ਕਰਨ ਦੀ ਰਸਮ ਪ੍ਰੋ. ਮੋਹਨ ਸਿੰਘ ਮੈਮੋਰੀਅਲ ਫਾਉਂਡੇਸ਼ਨ ਦੇ ਪ੍ਰਧਾਨ ਰਾਜੀਵ ਕੁਮਾਰ ਲਵਲੀ, ਅਮਰਿੰਦਰ ਸਿੰਘ ਜੱਸੋਵਾਲ ਜਨਰਲ ਸਕੱਤਰ, ਸਰਪ੍ਰਸਤਾਂ ਸ. ਪਰਗਟ ਸਿੰਘ ਗਰੇਵਾਲ, ਸਾਬਕਾ ਮੰਤਰੀ ਮਲਕੀਤ ਸਿੰਘ ਦਾਖਾ, ਕ੍ਰਿਸ਼ਨ ਕੁਮਾਰ ਬਾਵਾ, ਪ੍ਰੋ. ਗੁਰਭਜਨ ਸਿੰਘ ਗਿੱਲ, ਰਘੁਬੀਰ ਸਿੰਘ ਘੁੰਨ(ਹਿਊਸਟਨ) ਅਮਰੀਕਾ, ਸੱਭਿਆਚਾਰਕ ਸੱਥ ਦੇ ਚੇਅਰਮੈਨ ਸ. ਜਸਮੇਰ ਸਿੰਘ ਢੱਟ ਤੇ ਜੋਗਿੰਦਰ ਸਿੰਘ ਜੰਗੀ ਸਮਾਜਕ ਆਗੂ ਨੇ ਨਿਭਾਈ।

ਸ. ਹਰਜਿੰਦਰ ਸਿੰਘ ਥਿੰਦ ਬਾਰੇ ਜਾਣਕਾਰੀ ਦੇਂਦਿਆਂ ਪ੍ਰੋ. ਗੁਰਭਜਨ ਸਿੰਘ ਗਿੱਲ ਨੇ ਕਿਹਾ ਕਿ ਹਰਜਿੰਦਰ ਸਾਡਾ ਸਮਕਾਲੀ ਵਿਦਿਆਰਥੀ ਹੈ ਅਤੇ ਅਸੀਂ ਸਾਰੇ ਇੱਕੋ ਸਮੇਂ ਗੌਰਮਿੰਟ ਕਾਲਿਜ ਵਿੱਚ ਪੜ੍ਹਦੇ ਰਹੇ ਹਾਂ। ਪੰਜਾਬੀ ਕਵੀ ਜਰਨੈਲ ਸਿੰਘ ਅਰਸ਼ੀ ਦੇ ਪਿੰਡ ਰਛੀਨ (ਨੇੜੇ ਅਹਿਮਦਗੜ੍ਹ ਮੰਡੀ) ਦਾ ਜੰਮਪਲ ਹਰਜਿੰਦਰ ਥਿੰਦ ਬਲਵੰਤ ਗਾਰਗੀ ਦੀ ਦਾ ਐੱਮ ਏ ਥੀਏਟਰ ਵਿੱਚ ਵਿਦਿਆਰਥੀ ਰਿਹਾ ਹੈ ਅਤੇ 1976 ਵਿੱਚ ਉਸ ਨੇ ਅੰਮ੍ਰਿਤਾ ਪ੍ਰੀਤਮ ਜੀ ਦੀ ਨਸ਼ਿਆਂ ਵਿਰੁੱਧ ਲਿਖੀ ਕਹਾਣੀ ਆਧਾਰਿਤ ਲਘੂ ਫਿਲਮ "ਕਾਲਾ ਸੂਰਜ" ਵਿੱਚ ਵੀ ਹੀਰੋ ਦੀ ਭੂਮਿਕਾ ਨਿਭਾਈ ਸੀ। ਕੈਨੇਡਾ ਜਾ ਕੇ ਉਸ ਨੇ ਰੇਡੀਉ ਪ੍ਰਸਾਰਨ ਨੂੰ ਅਪਣਾਇਆ ਤੇ ਬੁਲੰਦੀਆਂ ਤੇ ਪਹੁੰਚਾਇਆ। ਅੱਜ ਉਸ ਦਾ ਨਾਮ ਘਰ ਘਰ ਦੀ ਕਹਾਣੀ ਹੈ। ਰਹਭਜਨ ਮਾਨ ਦੀ ਫਿਲਮ "ਅਸਾਂ ਨੂੰ ਮਾਣ ਵਤਨਾਂ ਦਾ" ਵਿੱਚ ਵੀ ਉਸ ਦੀ ਅਦਾਕਾਰੀ ਸਲਾਹੀ ਗਈ। ਕ੍ਰਿਸ਼ਨ ਕੁਮਾਰ ਬਾਵਾ, ਪਰਗਟ ਸਿੰਘ ਗਰੇਵਾਲ ਤੇ ਮਲਕੀਤ ਸਿੰਘ ਦਾਖਾ ਨੇ ਵੀ ਹਰਜਿੰਦਰ ਥਿੰਦ ਨੂੰ ਬਦੇਸ਼ਾਂ ਵਿੱਚ ਪੰਜਾਬ ਦਾ ਸਭਿਆਚਾਰਕ ਦੂਤ ਵਜੋਂ ਸਲਾਹੁਤਾ ਕੀਤੀ। ਰਘੁਬੀਰ ਸਿੰਘ ਘੁੰਨ ਨੇ ਥਿੰਦ ਨੂੰ ਮਿਸ਼ਰੀ ਨਾਲੋਂ ਮਿੱਠੇ ਅੰਦਾਜ਼ ਨੂੰ ਲੰਮਾ ਸਮਾਂ ਨਿਭਾਉਣ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਸ. ਜਗਦੇਵ ਸਿੰਘ ਜੱਸੋਵਾਲ ਜੀ ਦੇ ਮਿਸ਼ਨ ਨੂੰ ਅੱਗੇ ਤੋਰਨ ਲਈ ਫਾਉਂਡੇਸ਼ਨ ਨੂੰ ਹਰ ਸਾਲ ਇਹ ਪੁਰਸਕਾਰ ਉਨ੍ਹਾਂ ਦੇ ਜਨਮ ਦਿਨ ਤੇ ਕੌਮੀ ਤੇ ਕੌਮਾਂਤਰੀ ਪ੍ਰਸਿੱਧੀ ਪ੍ਰਾਪਤ ਕਲਾਕਾਰਾਂ, ਬੁੱਧੀਜੀਵੀਆਂ ਤੇ ਲੇਖਕਾਂ ਨੂੰ ਦੇਣਾ ਚਾਹੀਦਾ ਹੈ। ਉਨ੍ਹਾਂ ਸ. ਜੱਸੋਵਾਲ ਤੇ ਉਨ੍ਹਾਂ ਦੇ ਨਿੱਕੇ ਵੀਰ ਇੰਦਰਜੀਤ ਸਿੰਘ ਗਰੇਵਾਲ ਨਾਲ ਬਿਤਾਏ ਪਲਾਂ ਦੀਆਂ ਕਈ ਗੱਲਾਂ ਸਾਂਝੀਆਂ ਕੀਤੀਆਂ।

ਧੰਨਵਾਦ ਕਰਦਿਆਂ ਹਰਜਿੰਦਰ ਸਿੰਘ ਥਿੰਦ ਨੇ ਕਿਹਾ ਕਿ ਸ. ਜਗਦੇਵ ਸਿੰਘ ਜੱਸੋਵਾਲ ਲਿਆਕਤਵਾਨ ਸਿਆਸਤਦਾਨ, ਸਭਿਆਚਾਰਕ ਹਸਤੀ ਤੇ ਦੂਰਦ੍ਰਿਸ਼ਟੀਵਾਨ ਇਨਸਾਨ ਸਨ। ਉਨ੍ਹਾਂ ਸਿਰਫ਼ ਪੰਜਾਬ ਵਿੱਚ ਹੀ 1978 ਤੋਂ ਮੋਹਨ ਸਿੰਘ ਮੇਲਾ ਨਹੀਂ ਸੀ ਆਰੰਭਿਆ ਸਗੋਂ ਸਰੀ (ਕੈਨੇਡਾ ਵਿੱਚ ਵੀ ਸਾਨੂੰ ਸਭ ਨੂੰ ਥਾਪੜਾ ਦੇ ਕੇ ਸਾਹਿਬ ਸਿੰਘ ਥਿੰਦ ਦੀ ਅਗਵਾਈ ਹੇਠ ਪ੍ਰੋ. ਮੋਹਨ ਸਿੰਘ ਮੈਮੋਰੀਅਲ ਫਾਉਂਡੇਸ਼ਨ ਸਥਾਪਿਤ ਕਰਕੇ "ਗਦਰੀ ਬਾਬਿਆਂ ਦਾ ਮੇਲਾ" ਲਹਿਰ ਵਾਂਗ ਸ਼ੁਰੂ ਕੀਤਾ। ਇਸ ਤੋਂ ਬਾਦ ਪੂਰੇ ਕੈਨੇਡਾ ਤੇ ਅਮਰੀਕਾ ਵਿੱਚ ਮੇਲਿਆਂ ਦੀ ਲਹਿਰ ਸ਼ੁਰੂ ਹੋ ਗਈ। ਉਨ੍ਹਾਂ ਕਿਹਾ ਕਿ ਮੋਹਨ ਸਿੰਘ ਫਾਉਂਡੇਸ਼ਨ ਵੱਲੋਂ ਮਿਲੀ ਦਸਤਾਰ ਮੈਨੂੰ ਹਰ ਵੇਲੇ ਵੱਡੀ ਜ਼ੁੰਮੇਵਾਰੀ ਦਾ ਅਹਿਸਾਸ ਦਿਵਾਉਂਦੀ ਰਹੇਗੀ। ਸ. ਜਗਦੇਵ ਸਿੰਘ ਜੱਸੋਵਾਲ ਜੀ ਦੇ ਪੋਤਰੇ ਅਮਰਿੰਦਰ ਸਿੰਘ ਜੱਸੋਵਾਲ ਨੇ ਆਏ ਮਹਿਮਾਨਾਂ ਦਾ ਸ਼ੁਕਰਾਨਾ ਕੀਤਾ।

# ਨਿਊ ਮਾਝਾ ਪ੍ਰੈਸ ਕਲੱਬ ਦੀ ਮੀਟਿੰਗ ਮਹਿਤਾ ਚੌਕ ਵਿਖੇ ਹੋਈ



**ਚੌਕ ਮਹਿਤਾ,ਅੰਮ੍ਰਿਤਸਰ 30 ਅਪ੍ਰੈਲ( ਬਾਬਾ ਸੁਖਵੰਤ ਸਿੰਘ ਚੰਨਣਕੇ )**-ਅੱਜ ਮਹਿਤਾ ਚੌਕ ਵਿਖੇ ਮਾਝਾ ਪ੍ਰੈਸ ਕਲੱਬ ਦੇ ਸਮੂਹ ਪੱਤਰਕਾਰਾ ਦੀ ਇੱਕ ਵਿਸ਼ੇਸ ਮੀਟਿੰਗ ਪ੍ਰਧਾਨ ਬਲਜਿੰਦਰ ਸਿੰਘ ਬੱਲੀ ਦੀ ਅਗਵਾਈ ਹੇਠ ਹੋਈ। ਜਿਸ ਵਿੱਚ ਹੋ ਰਹੀਆ ਲੋਕ ਸਭਾ ਚੋਣਾ ਦੋਰਾਨ ਪ੍ਰੈਸ਼ ਕਵਰੇਜ਼ ਕਰ ਸਬੰਧੀ ਅਹਿਮ ਵਿਚਾਰਾ ਕੀਤੀਆ ਗਈਆ ਅਤੇ ਪੱਤਰਕਾਰਾਂ ਨੂੰ ਆਉਦੀਆ ਦਰਪੇਸ਼ ਮੁਸ਼ਕਲਾਂ ਸਬੰਧੀ ਵੀ ਵਿਚਾਰ ਵਿਟਾਦਰਾਂ ਕੀਤਾ ਗਿਆ। ਇਸ ਮੋਕੇ ਬਲਜਿੰਦਰ ਸਿੰਘ ਬੱਲੀ ਤੋਂ ਇਲਾਵਾ ਡਾ.ਦਲਜੀਤ ਸਿੰਘ, ਜਗਦੀਸ਼ ਸਿੰਘ ਬੰਮਰਾਹ, ਸਤਨਾਮ ਸਿੰਘ ਜੱਜ, ਜਤਿੰਦਰ ਪਾਲ ਸਿੰਘ, ਗੁਰਮੀਤ ਸਿੰਘ ਸਦਾਰੰਗ, ਦਵਿੰਦਰ ਸਿੰਘ ਰੰਧਾਵਾ, ਨਿਰਮਲ ਸਿੰਘ ਭੋਮਾਂ, ਜੋਗਿੰਦਰ ਸਿੰਘ ਮਾਣਾ, ਰਾਜਵਿੰਦਰ ਸਿੰਘ ਰੰਧਾਵਾ, ਵਰਿੰਦਰ ਬਾਊ, ਬਾਬਾ ਸੁਖਵੰਤ ਸਿੰਘ ਆਦਿ ਨੇ ਵਿਚਾਰ ਸਾਂਝੇ ਕੀਤੇ ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

### ਪ੍ਰਤਾਪ ਸਿੰਘ ਬਾਜਵਾ, ਵੜਿੰਗ ਪਰਿਵਾਰ ਅਤੇ ਜੀਤਮਹਿੰਦਰ ਸਿੰਘ ਸਿੱਧੂ

# ਆਗੂਆਂ ਸਮੇਤ ਤਖਤ ਸ੍ਰੀ ਦਮਦਮਾ ਸਾਹਿਬ ਹੋਏ ਨਤਮਸਤਕ




**ਤਲਵੰਡੀ ਸਾਬੋ, 30 ਅਪ੍ਰੈਲ (ਗੁਰਜੰਟ ਸਿੰਘ ਨਥੇਹਾ)**- ਪਿਛਲੇ ਦਿਨੀਂ ਲੋਕ ਸਭਾ ਹਲਕਾ ਬਠਿੰਡਾ ਤੋਂ ਕਾਂਗਰਸ ਵੱਲੋਂ ਉਮੀਦਵਾਰ ਐਲਾਨੇ ਗਏ ਹਲਕਾ ਤਲਵੰਡੀ ਸਾਬੋ ਦੇ ਸਾਬਕਾ ਵਿਧਾਇਕ ਜੀਤਮਹਿੰਦਰ ਸਿੰਘ ਸਿੱਧੂ ਅਤੇ ਅੱਜ ਕਾਂਗਰਸ ਵੱਲੋਂ ਲੁਧਿਆਣਾ ਤੋਂ ਉਮੀਦਵਾਰ ਐਲਾਨੇ ਪੰਜਾਬ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ, ਪੰਜਾਬ ਵਿਧਾਨ ਸਭਾ ਚ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਅਤੇ ਲੋਕ ਸਭਾ ਹਲਕਾ ਬਠਿੰਡਾ ਦੀ ਸਮੁੱਚੀ ਕਾਂਗਰਸ ਲੀਡਰਸ਼ਿਪ ਨੂੰ ਨਾਲ ਲੈ ਕੇ ਜਿੱਥੇ ਸ਼ੁਕਰਾਨੇ ਵਜੋਂ ਤਖਤ ਸ੍ਰੀ ਦਮਦਮਾ ਸਾਹਿਬ ਨਤਮਸਤਕ ਹੋਏ ਉੱਥੇ ਪਿਛਲੇ ਦਿਨੀਂ ਸਿੱਧੂ ਦੀ ਟਿਕਟ ਪ੍ਰਤੀ ਨਾਰਾਜ਼ਗੀ ਦਿਖਾ ਚੁੱਕੇ ਜਿਲ੍ਹਾ ਕਾਂਗਰਸ ਕਮੇਟੀ ਬਠਿੰਡਾ (ਦਿਹਾਤੀ) ਪ੍ਰਧਾਨ ਖੁਸ਼ਬਾਜ ਸਿੰਘ ਜਟਾਣਾ ਅਤੇ ਜੀਤਮਹਿੰਦਰ ਸਿੰਘ ਸਿੱਧੂ ਨੂੰ ਨਾਲ ਇਕੱਠਿਆਂ ਤੋਰਨ ਚ ਵੀ ਆਲਾਕਮਾਨ ਸਫਲ ਹੁੰਦੀ ਦਿਖਾਈ ਦਿੱਤੀ। ਅੱਜ ਸਭ ਤੋਂ ਪਹਿਲਾਂ ਸਾਰੇ ਕਾਂਗਰਸੀ ਆਗੂ ਤਖਤ ਸ੍ਰੀ ਦਮਦਮਾ ਸਾਹਿਬ ਨਤਮਸਤਕ ਹੋਏ ਅਤੇ ਉਨਾਂ ਨੇ ਪਾਰਟੀ ਅਤੇ ਪੰਜਾਬ ਦੀ ਚੜ੍ਹਦੀਕਲਾ ਲਈ ਅਰਦਾਸ ਕੀਤੀ। ਪੰਜਾਬ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਅਤੇ ਵਿਧਾਨ ਸਭਾ ਚ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਦੀ ਹਾਜ਼ਿਰੀ ਚ ਵਰਕਰਾਂ ਨੂੰ ਸੰਬੋਧਨ ਹੁੰਦਿਆਂ ਜਿੱਥੇ ਕਾਂਗਰਸ ਜਿਲ੍ਹਾ ਬਠਿੰਡਾ (ਦਿਹਾਤੀ) ਪ੍ਰਧਾਨ ਖੁਸ਼ਬਾਜ ਸਿੰਘ ਜਟਾਣਾ ਨੇ ਪਾਰਟੀ ਦੇ ਫੈਸਲੇ ਤੇ ਫੁੱਲ ਚੜ੍ਹਾਉਂਦਿਆਂ ਜੀਤਮਹਿੰਦਰ ਸਿੰਘ ਸਿੱਧੂ ਦੀ ਚੋਣ ਮੁਹਿੰਮ ਲਈ ਅੱਜ ਤੋਂ ਹੀ ਦਿਨ ਰਾਤ ਇੱਕ ਕਰਨ ਦਾ ਐਲਾਨ ਕੀਤਾ ਉੱਥੇ ਜੀਤਮਹਿੰਦਰ ਸਿੰਘ ਸਿੱਧੂ ਨੇ ਵੀ ਐਲਾਨ ਕੀਤਾ ਕਿ 2027 ਵਿਧਾਨ ਸਭਾ ਚੋਣ ਸਮੇਂ ਖੁਸ਼ਬਾਜ ਸਿੰਘ ਜਟਾਣਾ ਦੇ ਤਲਵੰਡੀ ਸਾਬੋ ਤੋਂ ਕਾਂਗਰਸੀ ਉਮੀਦਵਾਰ ਬਨਣ ਤੇ ਉਹ ਉਨਾਂ ਦੀ ਹਰ ਪੱਖੋਂ ਮਦੱਦ ਕਰਨਗੇ। ਉਨਾਂ ਕਿਹਾ ਕਿ ਪਾਰਟੀ ਆਗੂਆਂ ਚ ਏਕਾ ਬਹੁਤ ਜ਼ਰੂਰੀ ਹੈ ਤਾਂਕਿ ਹੁਣ ਲੋਕ ਸਭਾ ਅਤੇ ਫਿਰ ਵਿਧਾਨ ਸਭਾ ਦੋਵਾਂ ਚੋਣਾਂ ਚ ਪਾਰਟੀ ਉਮੀਦਵਾਰ ਜਿੱਤ ਹਾਸਿਲ ਕਰ ਸਕਣ। ਇਸ ਮੌਕੇ ਰਾਜਾ ਵੜਿੰਗ ਅਤੇ ਪ੍ਰਤਾਪ ਸਿੰਘ ਬਾਜਵਾ ਨੇ ਦੋਵਾਂ ਆਗੂਆਂ ਦੇ ਇੱਕ ਹੋਣ ਤੇ ਖੁਸ਼ੀ ਪ੍ਰਗਟ ਕਰਦਿਆਂ ਉਮੀਦ ਪ੍ਰਗਟਾਈ ਕਿ ਅਕਾਲ ਪੁਰਖ ਦੀ ਮੇਹਰ ਸਦਕਾ ਐਤਕੀਂ ਬਠਿੰਡਾ ਸੀਟ ਕਾਂਗਰਸ ਪਾਰਟੀ ਦੇ ਹਿੱਸੇ ਆਵੇਗੀ। ਉੱਧਰ ਤਖਤ ਸਾਹਿਬ ਮੱਥਾ ਟੇਕਣ ਸਮੇਂ ਹੋਰਨਾਂ ਤੋਂ ਇਲਾਵਾ ਰਾਜਾ ਵੜਿੰਗ ਦੇ ਧਰਮਪਤਨੀ ਅੰਮ੍ਰਿਤਾ ਵੜਿੰਗ, ਗੁਰਾ ਸਿੰਘ ਤੁੰਗਵਾਲੀ ਸਾਬਕਾ ਵਿਧਾਇਕ, ਬਿਕਰਮ ਸਿੰਘ ਮੋਫਰ ਚੇਅਰਮੈਨ ਜਿਲ੍ਹਾ ਪ੍ਰੀਸ਼ਦ ਮਾਨਸਾ, ਐਡਵੋਕੇਟ ਰਾਜਨ ਗਰਗ, ਮਾਈਕਲ ਗਾਗੋਵਾਲ, ਟਹਿਲ ਸਿੰਘ ਸੰਧੂ, ਕਿਰਨਜੀਤ ਸਿੰਘ ਗਹਿਰੀ, ਜਸ਼ਨ ਚਹਿਲ, ਅਵਤਾਰ ਸਿੰਘ ਗੋਨਿਆਣਾ, ਕਿਰਨਜੀਤ ਕੌਰ ਵਿਰਕ, ਰਣਜੀਤ ਸੰਧੂ ਸੂਬਾ ਜਨ.ਸਕੱ. ਯੂਥ ਕਾਂਗਰਸ, ਲਖਵਿੰਦਰ ਸਿੰਘ ਲੱਕੀ ਜਿਲ੍ਹਾ ਪ੍ਰਧਾਨ ਯੂਥ ਕਾਂਗਰਸ ਆਦਿ ਆਗੂ ਮੌਜੂਦ ਰਹੇ।

**ਆਲਾਕਮਾਨ ਦੇ ਯਤਨਾਂ ਸਦਕਾ ਸਿੱਧੂ ਅਤੇ ਜਿਲ੍ਹਾ ਪ੍ਰਧਾਨ ਜਟਾਣਾ ਨੇ ਇੱਕ ਦੂਜੇ ਦਾ ਸਾਥ ਦੇਣ ਦਾ ਕੀਤਾ ਐਲਾਨ**

# ਨੌਜਵਾਨ ਨੂੰ ਨਸ਼ੀਲਾ ਪਦਾਰਥ ਦੇਣ ਦੇ ਲਗਾਏ ਦੋਸ਼

**ਚੌਕ ਮਹਿਤਾ, 30 ਅਪ੍ਰੈਲ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਗੁਰਮੇਲ ਸਿੰਘ ਪੁੱਤਰ ਅਮਰੀਕ ਸਿੰਘ ਵਾਸੀ ਪਿੰਡ ਗੌਂਸਾਵਾਦ ਥਾਣਾ ਕੰਬੋ ਨੂੰ ਲਿਖਤ ਰੂਪ ਵਿੱਚ ਸ਼ਿਕਾਇਤ ਕਰਦਿਆਂ ਦੱਸਿਆ ਕਿ ਰਾਜੂ ਪੁੱਤਰ ਤਾਰੀ ਪਿੰਡ ਗੌਂਸਾਵਾਦ ਮੇਰੇ ਬੇਟੇ ਸੰਨੀ ਉਮਰ 25 ਸਾਲ ਨੌਂ ਸ਼ਾਮ ਨੂੰ ਆਪਣੇ ਨਾਲ ਲੈ ਗਿਆ ਅਤੇ ਰਾਤ 11 ਵਜੇ ਦੇ ਕਰੀਬ ਮੇਰੇ ਬੇਟੇ ਰਾਜੂ ਨੂੰ ਬੇਹੋਸ਼ੀ ਹਾਲਤ ਵਿੱਚ ਸਾਡੇ ਘਰ ਛੱਡ ਕੇ ਚਲਾ ਗਿਆ ਅੱਜ ਤੱਕ ਉਸ ਨੂੰ ਹੋਸ਼ ਨਹੀਂ ਆਈ ਜਦੋਂ ਅਸੀਂ ਡਾਕਟਰ ਨੂੰ ਦਿਖਾਇਆ ਤੇ ਉਹਨਾਂ ਨੇ ਉਸਦੇ ਇਲਾਜ ਨੂੰ ਹੱਥ ਪਾਉਣ ਤੋਂ ਮਨਾ ਕਰ ਦਿੱਤਾ ਸਾਨੂੰ ਸ਼ੱਕ ਹੈ ਕਿ ਕਥਿਤ ਦੋਸ਼ੀ ਰਾਜੂ ਵੱਲੋਂ ਸਾਡੇ ਨੌਜਵਾਨ ਬੇਟੇ ਨੂੰ ਕੋਈ ਨਸ਼ੀਲਾ ਪਦਾਰਥ ਦੇ ਕੇ ਜਾਨੋ ਮਾਰਨ ਦੀ ਕੋਸ਼ਿਸ਼ ਕੀਤੀ ਗਈ ਹੈ ਪੀੜਤ ਪਰਿਵਾਰ ਪੁਲਿਸ ਦਿਹਾਤੀ ਤੋਂ ਇਨਸਾਫ ਦੀ ਮੰਗ ਕਰਦਿਆਂ ਕਥਿਤ ਦੋਸ਼ੀ ਰਾਜੂ ਪੁੱਤਰ ਤਾਰੀ ਖਿਲਾਫ ਕਾਰਵਾਈ ਕਰਨ ਦੀ ਮੰਗ ਕੀਤੀ ਗਈ ਹੈ ਬਾਕਸ ਦੂਜੇ ਪਾਸੇ ਰਾਜੂ ਨਾਲ ਫੋਨ ਤੇ ਇਸ ਪ੍ਰਤੀ ਗੱਲਬਾਤ ਕੀਤੀ ਤੇ ਉਸਨੇ ਕਿਹਾ ਕਿ ਉਹ ਸ਼ਾਮ ਨੂੰ ਜ਼ਰੂਰ ਸਨੀ ਨੂੰ ਆਪਣੇ ਨਾਲ ਸਟੇਸ਼ਨ ਤੱਕ ਕੰਮ ਕਰਨ ਲਈ ਲੈ ਕੇ ਗਿਆ ਸੀ 8 ਵਜੇ ਦੇ ਕਰੀਬ ਉਹ ਘਰ ਵਾਪਸ ਆ ਗਿਆ ਸੀ ਉਸ ਤੋਂ ਬਾਅਦ ਵਿੱਚ ਮੈਨੂੰ ਨਹੀਂ ਪਤਾ ਕਿ ਉਹ ਕਿਸ ਨਾਲ ਗਿਆ ਹੈ

ਥਾਣਾ ਕੰਬੋ ਏਐਸ ਆਈ ਸਸ਼ਪਾਲ ਸਿੰਘ ਨਾਲ ਇਸ ਪ੍ਰਤੀ ਗੱਲਬਾਤ ਕੀਤੀ ਤਾਂ ਉਹਨਾਂ ਕਿਹਾ ਕਿ ਦਰਖਾਸਤ ਪੁੱਜੀ ਹੈ ਲੜਕੇ ਨੂੰ ਹਸਪਤਾਲ ਵਿਖੇ ਦਾਖਲ ਕਰਵਾ ਦਿੱਤਾ ਗਿਆ ਹੈ ਮੈਡੀਕਲ ਰਿਪੋਰਟ ਆਉਣ ਤੋਂ ਬਾਅਦ ਪਤਾ ਲੱਗਣ ਤੇ ਕਾਰਵਾਈ ਕੀਤੀ ਜਾਵੇਗੀ।



## ਸੰਤ ਗਿਆਨੀ ਕਰਤਾਰ ਸਿੰਘ ਜੀ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਦੇ ਦਸਵੀਂ ਜਮਾਤ ਦੇ ਮੈਰਿਟ ਵਿੱਚ ਆਉਣ ਵਾਲੇ ਵਿਦਿਆਰਥੀਆਂ ਨੂੰ ਕੀਤਾ ਸਨਮਾਨਿਤ




**ਫ਼ਿਰੋਜ਼ਪੁਰ, 30 ਅਪ੍ਰੈਲ (ਮਨੋਹਰ ਲਾਲ) :—** ਸ਼੍ਰੀਮਾਨ ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂ ਵਾਲੇ ਮੁਖੀ ਦਮਦਮੀ ਟਕਸਾਲ ਮਹਿਤਾ ਦੀ ਰਹਿਨੁਮਾਈ ਹੇਠ ਚਲ ਰਹੇ ਸੰਤ ਗਿਆਨੀ ਕਰਤਾਰ ਸਿੰਘ ਖਾਲਸਾ ਸੀਨੀਅਰ ਸਕੈਂਡਰੀ ਸਕੂਲ ਦੇ ਦਸਵੀਂ ਜਮਾਤ ਦੇ ਅਵਲ ਆਏ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸਕੂਲ ਵੱਲੋਂ ਪਿਛਲੇ ਦਿਨੀਂ ਐਲਾਨੇ ਗਏ ਨਤੀਜਿਆਂ ਵਿੱਚ ਵਿਦਿਆਰਥੀਆਂ ਨੇ ਚੰਗੀਆਂ ਪੁਜੀਸ਼ਨਾਂ ਹਾਸਲ ਕਰਕੇ ਸਕੂਲ ਦਾ 100 ਫੀਸਦੀ ਰਿਜਲਟ ਲਿਆਂਦਾ ਅਤੇ ਇਸ ਦੌਰਾਨ ਪਹਿਲਾ ਸਥਾਨ ਸਿਮਰਨਜੀਤ ਕੌਰ 96 ਪ੍ਰਤੀਸ਼ਤ, ਦੂਸਰਾ ਸਥਾਨ ਅਨਮੋਲਜੀਤ ਕੌਰ 95 ਪ੍ਰਤੀਸ਼ਤ, ਤੀਸਰਾ ਸਥਾਨ ਨਵਜੋਤ 93 ਫੀਸਦੀ ਅੰਕ ਪ੍ਰਾਪਤ ਕਰਕੇ ਸਕੂਲ ਅਤੇ ਮਾਪਿਆਂ ਦਾ ਨਾ ਰੋਸ਼ਨ ਕੀਤਾ। ਇਸ ਮੌਕੇ ਇਨ੍ਹਾਂ ਵਿਦਿਆਰਥੀਆਂ ਦੇ ਮਾਤਾ ਪਿਤਾ ਅਤੇ ਸਕੂਲ ਦੇ ਸਮੁੱਚੇ ਸਟਾਫ ਨੇ ਖੁਸ਼ੀਆਂ ਸਾਂਝੀਆਂ ਕੀਤੀਆਂ ਅਤੇ ਬੱਚਿਆਂ ਦੀ ਹੌਸਲਾ ਅਫਜਾਈ ਕੀਤੀ। ਇਸ ਮੌਕੇ ਬੋਲਦਿਆਂ ਸਕੂਲ ਪ੍ਰਿੰਸੀਪਲ ਮੈਡਮ ਜਸਪ੍ਰੀਤ ਕੌਰ ਨੇ ਕਿਹਾ ਕਿ ਇਹ ਬੱਚੇ ਆਉਣ ਵਾਲੇ ਸਮੇਂ ਵਿੱਚ ਆਪਣੇ ਮਾਤਾ ਪਿਤਾ ਦਾ ਨਾਮ ਰੋਸ਼ਨ ਕਰਨਗੇ ਅਤੇ ਚੰਗੇ ਮੁਕਾਮ ਤੇ ਪਹੁੰਚ ਕੇ ਦੇਸ਼, ਸਮਾਜ ਦੀ ਸੇਵਾ ਕਰਨਗੇ। ਉਨ੍ਹਾਂ ਦੱਸਿਆ ਕਿ ਪਹਿਲੇ, ਦੂਜੇ ਤੇ ਤੀਸਰੇ ਸਥਾਨ ਤੇ ਆਉਣ ਵਾਲੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਮਾਸਟਰ ਬਲਰਾਜ ਸਿੰਘ, ਮੈਡਮ ਅਨੁਰਾਧਾ, ਮੈਡਮ ਸਵਿਤਾ ਅਤੇ ਸਕੂਲ ਦਾ ਸਮੁੱਚਾ ਸਟਾਫ ਅਤੇ ਵਿਦਿਆਰਥੀਆਂ ਦੇ ਮਾਤਾ ਪਿਤਾ ਹਾਜ਼ਰ ਸਨ।

## ਰੋਟਰੀ ਕਲੱਬ ਫ਼ਿਰੋਜ਼ਪੁਰ ਡਾਇਮੰਡ ਨੇ ਬਿਰਧ ਆਸ਼ਰਮ ਦੇ ਬਜ਼ੁਰਗਾਂ ਨੂੰ ਕਰਵਾਇਆ ਭੋਜਣ



ਫ਼ਿਰੋਜ਼ਪੁਰ, 30 ਅਪ੍ਰੈਲ (ਮਨੋਹਰ ਲਾਲ) :— ਕੌਮਾਂਤਰੀ ਪੱਧਰ ਦੀ ਸਮਾਜ ਸੇਵੀ ਸੰਸਥਾ ਰੋਟਰੀ ਕਲੱਬ ਫਿਰੋਜ਼ਪੁਰ ਡਾਇਮੰਡ ਵੱਲੋਂ ਮਾਨਵਤਾ ਦੀ ਸੇਵਾ ਦੀ ਲੜੀ ਨੂੰ ਅੱਗੇ ਵਧਾਉਂਦੇ ਹੋਏ ਅੱਜ ਬਿਰਧ ਆਸ਼ਰਮ ਫਿਰੋਜ਼ਪੁਰ ਰਾਮ ਬਾਗ ਵਿਖੇ ਰਹਿੰਦੇ ਬਜ਼ੁਰਗਾਂ ਦੇ ਭੋਜਨ ਦਾ ਇੰਤਜ਼ਾਮ ਕੀਤਾ ਗਿਆ। ਇਸ ਮੌਕੇ ਰੋਟਰੀ ਕਲੱਬ ਫਿਰੋਜ਼ਪੁਰ ਡਾਇਮੰਡ ਦੇ ਪ੍ਰਧਾਨ ਬੂਟਾ ਸਿੰਘ ਦੀ ਅਗਵਾਈ ਵਿੱਚ ਕੀਤੇ ਇਸ ਪ੍ਰੋਜੈਕਟ ਦੌਰਾਨ ਨਾ ਸਿਰਫ ਬਜ਼ੁਰਗਾਂ ਨੂੰ ਭੋਜਨ ਖਵਾਇਆ ਗਿਆ ਬਲਕਿ ਉਹਨਾਂ ਨਾਲ ਬੈਠ ਕੇ ਸਮਾਂ ਵੀ ਬਿਤਾਇਆ ਗਿਆ ਅਤੇ ਉਹਨਾਂ ਕੁਝ ਤੋਹਫੇ ਵੀ ਦਿੱਤੇ ਗਏ। ਇਸ ਮੌਕੇ ਕਲੱਬ ਦੇ ਸੈਕਟਰੀ ਗੁਰਵਿੰਦਰ ਸਿੰਘ ਤੋਂ ਇਲਾਵਾ ਪ੍ਰੋਜੈਕਟ ਚੇਅਰਮੈਨ ਸੁਮਿਤ ਵੋਹਰਾ ਸਾਲ 2024—25 ਦੇ ਪ੍ਰਧਾਨ ਨਰਿੰਦਰ ਕੱਕੜ, ਹਿੰਮਤ ਗੋਇਲ, ਪ੍ਰਿੰਸ ਮੱਕੜ, ਮੰਨੀ ਮੋਂਗਾ ਆਦੀ ਮੈਂਬਰ ਮੌਜੂਦ ਸਨ।

## ਰਾਮਦੇਵ ਦੇ 14 ਲਾਇਸੰਸ ਰੱਦ



**ਨਵੀਂ ਦਿੱਲੀ, 30 ਅਪ੍ਰੈਲ (ਆਵਾਜ਼ਿ ਕੌਮ ਬਿਊਰੋ)**-ਸ਼ਵਾਸਰੀ ਗੋਲਡ (Swasari Gold), ਸ਼ਵਾਸਰੀ ਵਟੀ (Swasari vati), ਬ੍ਰੋਂਕੋਮ (Bronchom), ਸ਼ਵਾਸਰੀ ਪ੍ਰਵਾਹੀ (Swasari Pravahi), ਸ਼ਵਾਸਰੀ ਅਵਲੇਹ (Swasari Avaleh), ਮੁਕਤਾ ਵਟੀ ਐਕਟਰਾ ਪਾਵਰ (Mukta Vati Extra Power), ਲਿਪੀਡੋਮ (Lipidom), ਬੀਪੀ ਗ੍ਰਿਟ (Bp Grit), ਮਧੂਗ੍ਰਿਟ (Madhugrit), ਮਧੁਨਾਸ਼ਿਨੀ ਵਟੀ ਐਕਟਰਾ ਪਾਵਰ (Madhunashini Vati Extra Power), ਲਿਵਾਮ੍ਰਿਤ ਐਡਵਾਂਸ (Livamrit Advance), ਲਿਵੋਗ੍ਰਿਟ (Livogrit), ਆਈਗ੍ਰਿਟ ਗੋਲਡ (Eyegrit Gold), ਪਤੰਜਲੀ ਦ੍ਰਿਸ਼ਟੀ ਆਈ ਡ੍ਰੌਪ (Patanjali Drishti Eye Drop)

## ਸ੍ਰੀ ਗੁਰੂ ਤੇਗ ਬਹਾਦਰ ਜੀ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ

# ਗੁਰਦੁਆਰਾ ਬਾਬਾ ਦੀਪ ਸਿੰਘ ਵਡਾਲੀ ਡੋਗਰਾਂ ਵਿਖੇ ਗੁਰਮਤਿ ਸਮਾਗਮ ਕਰਵਾਇਆ ਗਿਆ : ਭਾਈ ਸੰਧੂ



ਜੰਡਿਆਲਾ ਗੁਰੂ 30 ਅਪ੍ਰੈਲ ( ਕੁਲਵੰਤ ਸਿੰਘ ਵਿਰਦੀ) ਸ੍ਰੀ ਗੁਰੂ ਰਾਮਦਾਸ ਸਾਹਿਬ ਸੇਵਾ ਸੁਸਾਇਟੀ ਵਡਾਲੀ ਡੋਗਰਾਂ ਦੇ ਮੁੱਖ ਸੇਵਾਦਾਰ ਭਾਈ ਸਾਹਿਬ ਸਿੰਘ ਸੰਧੂ ਜੀ ਨੇ ਦੱਸਿਆ ਕਿ ਸਮੂਹ ਨਗਰ ਨਿਵਾਸੀ ਸੰਗਤਾਂ ਅਤੇ ਇਲਾਕਾ ਨਿਵਾਸੀ ਸੰਗਤਾਂ ਦੇ ਸਹਿਯੋਗ ਨਾਲ ਬੀਤੇ ਦਿਨ ਪਿੰਡ ਵਡਾਲੀ ਡੋਗਰਾਂ ਵਿਖੇ ਸਥਿਤ ਗੁਰਦੁਆਰਾ ਧੰਨ ਧੰਨ ਬਾਬਾ ਦੀਪ ਸਿੰਘ ਜੀ ਸਾਹਿਬ ਜੀ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਪ੍ਰਕਾਸ਼ ਗੁਰਪੁਰਬ ਨੂੰ ਸਮਰਪਿਤ ਗੁਰਮਤਿ ਸਮਾਗਮ ਕਰਵਾਇਆ ਗਿਆ। ਵਿੱਚ ਗ੍ਰੰਥੀ ਭਾਈ ਕੇਵਲ ਸਿੰਘ ਜੀ ਵੱਲੋਂ ਸੰਧਿਆ ਦੇ ਟਾਈਮ ਰਹਰਾਸਿ ਸਾਹਿਬ ਜੀ ਦੇ ਪਾਠ ਦੇ ਭੋਗ ਪਾਏ ਗਏ ਅਤੇ ਉਪਰੰਤ 7.30 ਤੋਂ 8.30 ਵਜੇ ਤੱਕ ਸਤਿਸੰਗ ਵਾਲੇ ਵੀਰਾਂ ਵੱਲੋਂ ਗੁਰਬਾਣੀ ਜਸ ਸਰਵਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ ਤੇ 8.30. ਤੋਂ 9.30 ਤੱਕ ਭਾਈ ਅਮਨਦੀਪ ਸਿੰਘ ਜੀ ਜੰਡਿਆਲਾ ਗੁਰੂ ਵਲੋਂ ਧੁਰ ਕੀ ਬਾਣੀ ਇਲਾਹੀ ਬਾਣੀ ਜੀ ਦਾ ਰਸ ਭਿੰਨਾ ਕੀਰਤਨ ਕੀਤਾ ਗਿਆ ਅਤੇ ਕਥਾ ਵੀਚਾਰਾਂ ਰਾਹੀਂ ਸੰਗਤਾਂ ਨਾਲ ਸਾਂਝ ਪਾਉਂਦਿਆਂ ਹੋਇਆਂ ਸ੍ਰੀ ਗੁਰੂ ਤੇਗ ਬਹਾਦਰ ਜੀ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਨਾਲ ਸਬੰਧਤ ਸਾਂਝ ਪਾਈ ਗਈ ਸੰਗਤਾਂ ਨੂੰ ਗੁਰ ਇਤਿਹਾਸ ਤੋਂ ਜਾਣੂ ਕਰਵਾਇਆ ਗਿਆ ਅਤੇ ਉਨ੍ਹਾਂ ਕਿਹਾ ਕਿ ਸ਼੍ਰੀ ਗੁਰੂ ਤੇਗ ਬਹਾਦਰ ਜੀ ਅਤੇ ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਜ਼ੁਲਮ ਦੇ ਵਿਰੁਧ ਆਪਣੀ ਸ਼ਹਾਦਤ ਦਿੱਤੀ ਗਈ ਅਤੇ ਅੱਗੇ ਉਨ੍ਹਾ ਆਪਣੇ ਵੀਚਾਰਾਂ ਰਾਹੀਂ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਵੱਲੋਂ ਸਾਜੇ ਨਿਵਾਜ਼ੇ ਗਏ ਪੰਜਾਂ ਪਿਆਰਿਆਂ ਕੋਲੋਂ ਖੰਡੇ ਬਾਟੇ ਦੀ ਪਾਹੁਲ ਛਕ ਕੇ ਗੁਰੂ ਵਾਲੇ ਬਣਨ ਲਈ ਪ੍ਰੇਰਿਤ ਕੀਤਾ ਅਤੇ ਬੱਚਿਆਂ ਦੇ ਮਾਪਿਆਂ ਨੇ ਬੇਨਤੀ ਕੀਤੀ ਕਿ ਆਪਣੇ ਬੱਚਿਆਂ ਨੂੰ ਗੁਰਦੁਆਰਾ ਸਾਹਿਬ ਵਿਖੇ ਲੈ ਕੇ ਆਉਣ ਤਾਂ ਜ਼ੋ ਬੱਚੇ ਗੁਰੂ ਸਾਹਿਬ ਜੀ ਦੇ ਦਰਸਾਏ ਗਏ ਮਾਰਗ ਤੇ ਚਲ ਕੇ ਆਪਣਾ ਜੀਵਨ ਸਫ਼ਲ ਬਣਾਉਣ । ਇਸ ਮੌਕੇ ਤੇ ਹਜ਼ਾਰੀ ਭਰਨ ਆਏ ਜਥੇ ਦਾ ਸਨਮਾਨਿਤ ਕੀਤਾ ਗਿਆ। ਇਸ ਮੌਕੇ ਤੇ ਸੁਸਾਇਟੀ ਦੇ ਮੁੱਖ ਸੇਵਾਦਾਰ ਭਾਈ ਸਾਹਿਬ ਸੰਧੂ , ਸਲਾਹਕਾਰ ਸੁਰਜਨ ਸਿੰਘ , ਸਲਾਹਕਾਰ ਹਰਭਜਨ ਸਿੰਘ ਮੌਜੀ , ਜਰਨਲ ਸਕੱਤਰ ਜੋਬਨਬੀਰ ਸਿੰਘ ਵਡਾਲੀ , ਸਲਾਹਕਾਰ ਮਨਜਿੰਦਰ ਸਿੰਘ , ਮੈਂਬਰ ਸੰਦੀਪ ਸਿੰਘ ਬਾਊ ਬਿਕਰਮਜੀਤ ਸਿੰਘ , ਸਵਿੰਦਰ ਸਿੰਘ , ਕਸ਼ਮੀਰ ਸਿੰਘ , ਸੁਰਿੰਦਰਪਾਲ ਸਿੰਘ , ਅਮਨਦੀਪ ਸਿੰਘ , ਦਲਜੀਤ ਸਿੰਘ ਜੀਤਾ ,ਸਤਨਾਮ ਸਿੰਘ , ਕੁਲਜੀਤ ਸਿੰਘ ,ਕੀਰਤ ਸਿੰਘ ਗੁਰਸੇਵਕ ਸਿੰਘ , ਗੁਰਪਵਿਤਰ ਸਿੰਘ ਹਰਮਨਦੀਪ ਸਿੰਘ , ਅਮਨਦੀਪ ਸਿੰਘ , ਆਦਿ ਹਾਜ਼ਰ ਸਨ।

## ਝੂਠੇ ਕਿਸਮ ਦੀ ਕੇਜਰੀਵਾਲ ਦੀ ਅੰਧ ਭਗਤੀ ਵਿਚ ਇਹ ਅਪਣੇ ਅਤੇ

# ਪੰਜਾਬ ਦੇ ਹਿਤਾਂ ਦੀ ਬਲੀ ਦੇ ਗਏ : ਬਿਕਰਮਜੀਤ ਸਿੰਘ ਖਾਲਸਾ



ਗੁਰੂਸਰ ਸੁਧਾਰ (ਗੁਰਜੰਟ ਸਿੰਘ ਖਾਲਸਾ)-: ਲੋਕ ਸਭਾ ਹਲਕਾ ਸ਼੍ਰੀ ਫਤਿਹਗੜ੍ਹ ਸਾਹਿਬ ਸ਼ਹੀਦਾਂ ਦੀ ਪਾਵਨ ਪਵਿੱਤਰ ਧਰਤੀ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਸਵਰਗੀ ਸਃ ਬਸੰਤ ਸਿੰਘ ਖਾਲਸਾ ਜੀ ਦੇ ਫਰਜੰਦ ਸਃ ਬਿਕਰਮਜੀਤ ਸਿੰਘ ਖਾਲਸਾ ਵੱਲੋਂ ਆਪਣੀਆਂ ਚੋਣ ਸਰਗਰਮੀਆਂ ਹਲਕਾ ਫਤਿਹਗੜ੍ਹ ਸਾਹਿਬ ਅੰਦਰ ਪੂਰੀਆਂ ਜੋਬਨ ਤੇ ਹਨ, ਖਾਲਸਾ ਵੱਲੋਂ ਪੰਜਾਬ ਵਿਰੋਧੀ ਆਮ ਆਦਮੀ ਪਾਰਟੀ ਤੇ ਤੰਜ ਕਸਦਿਆਂ ਕਿਹਾ ਗਿਆ ਕਿ ਝੂਠੇ ਕਿਸਮ ਦੀ ਕੇਜਰੀਵਾਲ ਦੀ ਅੰਧ ਭਗਤੀ ਵਿਚ ਇਹ ਅਪਣੇ ਅਤੇ ਪੰਜਾਬ ਦੇ ਹਿਤਾਂ ਦੀ ਬਲੀ ਦੇ ਗਏ

ਹਾਲਾਂਕਿ ਇਨ੍ਹਾਂ ਖ਼ੁਦ ਨੂੰ ਅਪਣੀ ਪਾਰਟੀ ਦੇ ਦਫ਼ਤਰਾਂ ਦਾ ਉਸ ਸਮੇਂ ਘਿਰਾਉ ਕਰਨਾ ਚਾਹੀਦਾ ਸੀ ਜਦ ਪੰਜਾਬ ਸਰਕਾਰ ਨੇ ਅੱਠ ਪੰਜਾਬੀ ਨੌਜੁਆਨਾਂ ਵਿਰੁਧ ਮੁੜ ਐਨ.ਐਸ.ਏ. ਲਗਾ ਦਿਤਾ। ਇਹ 92 ਵਿਧਾਇਕ ਅਤੇ ਬਾਕੀ 25 ਹਲਕਿਆਂ ਦੇ ਇੰਚਾਰਜ ਇਸ ਹੱਦ ਤਕ ਜਾ ਚੁੱਕੇ ਹਨ ਕਿ ਉਨ੍ਹਾਂ ਨੂੰ ਕੇਜਰੀਵਾਲ ਤਾਂ ਨਜ਼ਰ ਆਉਂਦਾ ਹੈ ਪਰ ਪੰਜਾਬੀ ਨੌਜੁਆਨਾਂ ਨਾਲ ਹੁੰਦੀਆਂ ਧੱਕੇਸ਼ਾਹੀਆਂ ਨਜ਼ਰ ਨਹੀਂ ਆਉਂਦੀਆਂ। ਮੁੱਖ ਮੰਤਰੀ ਨੂੰ ਚਾਹੀਦਾ ਹੈ ਕਿ ਉਹ ਅਪਣੀ ਅਕਲ ਨੂੰ ਹੱਥ ਮਾਰੇ ਅਤੇ ਇਸ ਗੰਭੀਰ ਮਸਲੇ ਦਾ ਨਿਤਾਰਾ ਕਰੇ। ਮੈਂ ਸਭ ਜਾਣਦਾ ਹਾਂ, ਮੈਨੂੰ ਸਭ ਪਤੈ, ਮੈਂ ਕੋਈ ਕੱਚੀਆਂ ਗੋਲੀਆਂ ਨਹੀਂ ਖੇਡੀਆਂ ਵਰਗੇ ਬੇ-ਵਾਕ ਬੋਲਣ ਵਾਲੇ ਮੁੱਖ ਮੰਤਰੀ ਨੂੰ ਇਹ ਸਮਝ ਕਿਉਂ ਨਹੀਂ ਲਗ ਰਹੀ ਕਿ ਪੰਜਾਬ ਅਤੇ ਪੰਜਾਬੀਆਂ ਦੇ ਹੱਕ ਮਾਰੇ ਜਾ ਰਹੇ ਹਨ ਤੇ ਦਿੱਲੀ ਤੋਂ ਆਏ ਲੋਕਾਂ ਨੇ ਪੰਜਾਬ ਦੇ ਸਕੱਤਰੇਤ ਉਤੇ ਕਬਜ਼ਾ ਕਰ ਲਿਆ ਹੈ। ਉਨ੍ਹਾਂ ਦਾ ਹੀ ਹੁਕਮ ਪਹਿਲ ਦੇ ਆਧਾਰ ਤੇ ਵਜਾਇਆ ਜਾਂਦਾ ਹੈ। ਪੰਜਾਬੀਆਂ ਨੇ ਬਦਲਾਅ ਕੇਜਰੀਵਾਲ, ਮਨੀਸ਼ ਸਿਸੋਦੀਆ ਅਤੇ ਸੰਜੇ ਸਿੰਘ ਵਰਗੇ ਪੰਜਾਬ ਦੋਖੀ ਲੋਕਾਂ ਦੀ ਹਿਫ਼ਾਜ਼ਤ ਕਰਨ ਲਈ ਨਹੀਂ ਲਿਆਂਦਾ ਸੀ ਬਲਕਿ ਪੰਜਾਬੀਆਂ ਨੇ ਅਪਣੀ ਜ਼ਿੰਦਗੀ ਨੂੰ ਬਦਲਣ ਤੇ ਅਪਣਾ ਜੀਵਨ ਪੱਧਰ ਉੱਚਾ ਚੁੱਕਣ ਲਈ ਇਹ ਤਬਦੀਲੀ ਲਿਆਂਦੀ ਸੀ। ਪੰਜਾਬ ਦੀ ਮਨੁੱਖਤਾ ਅਤੇ ਪੈਸੇ ਨੂੰ ਕੇਜਰੀਵਾਲ ਨੂੰ ਬਚਾਉਣ ਲਈ ਖ਼ਰਚ ਕੀਤਾ ਜਾ ਰਿਹਾ ਹੈ। ਅਰਵਿੰਦ ਕੇਜਰੀਵਾਲ ਨੂੰ ਬਚਾਉਣ ਲਈ ਦਿੱਲੀ ਗਏ ਸਿੱਖਿਆ ਮੰਤਰੀ ਹਰਜੋਤ ਨੇ ਸਿਖਿਆ ਕਦਮਾਂ ਵਿਚ ਰੋਲ ਕੇ ਰੱਖ ਦਿਤੀ ਅਤੇ ਅਪਣੀ ਇਸ ਹੱਦ ਤਕ ਬੇਇੱਜ਼ਤੀ ਕਰਵਾਈ ਕਿ ਹੁਣ ਸਾਡੇ ਸੂਬੇ ਦੇ ਵਿਦਿਆਰਥੀਆਂ ਅਤੇ ਅਧਿਆਪਕਾਂ ਦਾ ਸਾਹਮਣਾ ਕਿਵੇਂ ਕਰਨਗੇ- ? ਇਸੇ ਤਰ੍ਹਾਂ ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੂੰ ਜਿਸ ਤਰੀਕੇ ਨਾਲ ਦਿੱਲੀ ਪੁਲਿਸ ਨੇ ਧੂਹ ਕੇ, ਗੱਡੀ ਵਿਚ ਸੁਟਿਆ, ਉਸ ਨਾਲ ਉਸ ਦਾ ਕੱਦ ਪੰਜਾਬ ਦੇ ਡਾਕਟਰਾਂ ਵਿਚ ਬਹੁਤ ਬੌਣਾ ਹੋ ਗਿਆ। ਇਹ ਮੰਤਰੀ ਕਦੇ ਕਿਸੇ ਹਸਪਤਾਲ ਦੀ ਤਰਸਯੋਗ ਹਾਲਤ ਨੂੰ ਵੇਖਣ ਲਈ ਇਸ ਤੇਜ਼ੀ ਨਾਲ ਨਹੀਂ ਗਿਆ ਜਿੰਨੀ ਤੇਜ਼ੀ ਨਾਲ ਕੇਜਰੀਵਾਲ ਨੂੰ ਬਚਾਉਣ ਲਈ ਰਾਤੋ-ਰਾਤ ਦਿੱਲੀ ਪਹੁੰਚ ਗਿਆ। ਇਨ੍ਹਾਂ ਮੰਤਰੀਆਂ ਦੀ ਸਮਝ ਦੇ ਗ਼ਰੀਬੜੇਪਣ ਨੂੰ ਪੂਰੇ ਦੇਸ਼ ਨੇ ਵੇਖਿਆ। ਖ਼ਾਸ ਤੌਰ ਤੇ ਪੰਜਾਬੀਆਂ ਨੂੰ ਬਹੁਤ ਤਕਲੀਫ਼ ਹੋਈ ਹੈ। ਸੰਗਰੂਰ ਜ਼ਿਲ੍ਹੇ ਵਿਚ ਦਰਜਨ ਦੇ ਕਰੀਬ ਗ਼ਰੀਬ ਲੋਕ ਜ਼ਿਹਰੀਲੀ ਸ਼ਰਾਬ ਪੀ ਕੇ ਮਰ ਗਏ ਪਰ ਕੇਜਰੀਵਾਲ ਦੀ ਕੈਬਨਿਟ ਚੁੱਪ ਰਹੀ। ਆਏ ਦਿਨ ਸੂਬੇ ਦੇ ਕਿਸਾਨ ਖ਼ੁਦਕੁਸ਼ੀਆਂ ਕਰ ਰਹੇ ਹਨ ਪਰ ਇਹ ਕੈਬਨਿਟ ਚੁੱਪ ਰਹਿੰਦੀ ਹੈ। ਵਪਾਰੀਆਂ ਅਤੇ ਨੌਜੁਆਨਾਂ ਦੀ ਗੈਂਗਸਟਰਾਂ ਦੇ ਨਾਮ ਤੇ ਹੱਤਿਆ ਕੀਤੀ ਜਾ ਰਹੀ ਹੈ ਪਰ ਇਹ ਕੈਬਨਿਟ ਖ਼ਾਮੋਸ਼ ਰਹਿੰਦੀ ਹੈ। ਹੁਣ ਝਾੜੂ ਪਾਰਟੀ ਕੇਜਰੀਵਾਲ ਨੂੰ ਲੋਕਤੰਤਰ ਲਈ ਕਾਲਾ ਦਿਨ ਦੱਸ ਰਹੀ ਹੈ। ਕੀ ਉਦੋਂ ਕੋਈ ਕਾਲਾ ਦਿਨ ਨਹੀਂ ਸੀ ਜਦ ਸੁਖਪਾਲ ਸਿੰਘ ਖਹਿਰਾ, ਭਾਨਾ ਸਿੱਧੂ ਅਤੇ ਹੋਰ ਅਜਿਹੇ ਲੋਕ ਜਿਹੜੇ ਮੁੱਦਿਆਂ ਦੀ ਸਿਆਸਤ ਕਰਦੇ ਹਨ, ਨੂੰ ਝਾੜੂ ਪਾਰਟੀ ਦੀ ਸਰਕਾਰ ਤੰਗ ਪ੍ਰੇਸ਼ਾਨ ਕਰਦੀ ਹੈ। ਪੰਜਾਬੀਆਂ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਜਿਸ ਈ.ਡੀ. ਨੇ ਕੇਜਰੀਵਾਲ ਨੂੰ ਫੜਨ ਲਈ ਪਹਿਲਾਂ 9 ਸੰਮਨ ਭੇਜੇ ਅਤੇ ਉਹ ਈ.ਡੀ. ਅੱਗੇ ਪੇਸ਼ ਨਾ ਹੋਇਆ, ਉਸ ਦੇ ਕਾਰਜਵਿਧੀ ਅੰਦਰ ਕੋਈ ਨਾ ਕੋਈ ਕੁਤਾਹੀ ਤਾਂ ਜ਼ਰੂਰ ਹੋਵੇਗੀ। ਗ੍ਰਿਫ਼ਤਾਰੀ ਬਾਰੇ ਝਾੜੂਆਂ ਨੂੰ ਪਹਿਲਾਂ ਹੀ ਪਤਾ ਲੱਗ ਚੁੱਕਾ ਸੀ, ਇਸ ਲਈ ਕਈ ਝਾੜੂਆਂ ਤਾਂ ਇਕ ਦਿਨ ਪਹਿਲਾਂ ਹੀ ਦਿੱਲੀ ਜਾ ਕੇ ਪਿੱਟਣ ਲੱਗ ਪਈਆਂ। ਆਖ਼ਿਰ ਏਨਾ, ਪਿੱਟਣ ਦੀ ਕੀ ਲੋੜ ਹੈ ? ਪੰਜਾਬ ਦੇ ਸੂਝਵਾਨ ਲੋਕ ਝਾੜੂ ਵਾਲੀ ਦਿੱਲੀ ਤੋਂ ਚਲਦੀ ਪੰਜਾਬ ਵਿਰੋਧੀ ਸਰਕਾਰ ਦੀਆਂ ਇਹ ਸਾਰੀਆਂ ਗਿੱਦੜ ਚਾਲਾਂ ਨੂੰ ਸਮਝ ਕੇ ਪੰਜਾਬ ਦੇ ਹਿੱਤਾਂ ਖਾਤਰ ਕੁਰਬਾਨੀਆਂ ਕਰਨ ਵਾਲੀ ਪੰਜਾਬ ਦੀ ਇੱਕੋ ਇੱਕ ਖੇਤਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਦਾ ਸਾਥ ਦੇ ਕੇ ਪੰਜਾਬ ਦੇ ਵਿਕਾਸ ਵੱਲ ਇੱਕ ਹੋਰ ਪਹਿਲ ਕਦਮੀ ਕਰਦਿਆਂ ਸ਼੍ਰੋਮਣੀ ਅਕਾਲੀ ਦਲ ਦੇ ਕੈਂਡੀਡੇਟਾਂ ਦਾ ਸਾਥ ਦੇ ਕੇ ਲੋਕ ਸਭਾ ਵਿੱਚ ਭੇਜੋ ਤਾਂ ਜੋ ਪੰਜਾਬ ਦੇ ਹਿੱਤਾਂ ਖਾਤਰ ਤੇ ਪੰਜਾਬ ਦੀ ਆਵਾਜ਼ ਬੁਲੰਦ ਕਰ ਸਕੀਏ ਅਤੇ ਆਪਣੇ ਹੱਕ ਲੈ ਸਕੀਏ।

## ਪੰਜਾਬ ਸਕੂਲ ਸਿੱਖਿਆ ਬੋਰਡ ਵਲੋਂ ਜਾਰੀ ਅੱਠਵੀਂ ਅਤੇ ਬਾਰਵੀਂ ਦੇ ਨਤੀਜਿਆ ਵਿਚੋਂ ਅੱਠਵੀਂ ਵਿਚੋਂ ਪੰਜ ਮੈਰਿਟਾਂ ਅਤੇ ਬਾਰਵੀਂ ਪ੍ਰੀਖਿਆ ਵਿਚੋ ਨਿਊ ਫਲਾਵਰਜ ਸਕੂਲ ਬਣਿਆ ਮੋਹਰੀ



**ਚੌਕ ਮਹਿਤਾ, 30 ਅਪ੍ਰੈਲ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਪੰਜਾਬ ਸਕੂਲ ਸਿੱਖਿਆ ਬੋਰਡ ਵਲੋਂ ਬੋਰਡ ਦੀ ਸਾਈਟ ਤੇ ਨਤੀਜੇ ਘੋਸ਼ਿਤ ਹੁੰਦਿਆ ਹੀ ਜਦੋਂ ਮੈਰਿਟ ਲਿਸਟ ਵਿਚ ਨਿਊ ਫਲਾਵਰਜ ਸਕੂਲ ਦੇ ਵਿਦਿਆਰਥਣਾਂ ਨੇ ਮੈਰਿਟਾਂ ਹਾਸਲ ਕੀਤੀਆਂ ਤਾਂ ਸਕੂਲ ਦੇ ਚੇਅਰਮੈਨ ਹਰਪਾਲ ਸਿੰਘ ਯੂ.ਕੇ. ਅਤੇ ਪ੍ਰਿੰਸੀਪਲ ਕੁਲਵਿੰਦਰ ਕੌਰ ਅਤੇ ਅਧਿਆਪਕਾਂ ਦੀ ਖੁਸ਼ੀ ਦਾ ਕੋਈ ਟਿਕਾਣਾ ਨਹੀ ਰਿਹਾ। ਇਹ ਖਬਰ ਸੁਣਦਿਆ ਸਾਰ ਹੀ ਹਰਪਾਲ ਸਿੰਘ ਯੂ.ਕੇ. ਅਤੇ ਪ੍ਰਿੰਸੀਪਲ ਸਾਹਿਬਾਨ ਅਤੇ ਸਮੂਹ ਸਟਾਫ ਸਕੂਲ ਵਿਚ ਪਹੁੰਚੇ ਅਤੇ ਮੈਰਿਟ ਆਏ ਵਿਦਿਆਰਥੀਆਂ ਦੇ ਵਲੋਂ ਮਿਠਾਈਆ ਲੈ ਕੇ ਚੇਅਰਮੈਨ, ਪ੍ਰਿੰਸੀਪਲ ਅਤੇ ਅਧਿਆਪਕਾਂ ਦਾ ਮੂੰਹ ਮਿਠਾ ਕਰਵਾਉਣ ਦੇ ਲਈ ਮੈਰਿਟ ਵਿਚ ਆਏ ਵਿਦਿਆਰਥੀ ਆਪਣੇ ਮਾਪਿਆ ਨਾਲ ਸਕੂਲ ਵਿਚ ਪਹੁੰਚੇ ਅਤੇ ਸਕੂਲ ਦੇ ਵਿਹੜੇ ਵਿਚ ਸਕੂਲ ਦੇ ਚੇਅਰਮੈਨ ਵਲੋਂ ਮਿਠਾਈਆ ਵੰਡੀਆ ਗਈਆ ਅਤੇ ਢੋਲ ਵਜਾਏ ਗਏ ਮੈਰਿਟ ਵਿਚ ਆਏ ਵਿਦਿਆਰਥੀਆਂ ਅਤੇ ਅਧਿਆਪਕਾਂ ਨੇ ਖੁਸ਼ੀ ਵਿਚ ਭੰਗੜੇ ਪਾਏ ਅਤੇ ਇਸ ਜਿੱਤ ਦਾ ਜਸ਼ਨ ਮਨਾਇਆ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਨਿਊ ਫਲਾਵਰਜ ਸਕੂਲ, ਅੰਮ੍ਰਿਤਸਰ ਦੇ ਪ੍ਰਿੰਸੀਪਲ ਮੈਡਮ ਕੁਲਵਿੰਦਰ ਕੌਰ ਆਪਣੀ ਖੁਸ਼ੀ ਨੂੰ ਜਾਹਿਰ ਕਰਦਿਆਂ ਪੱਤਰਕਾਰ ਨਾਲ ਗੱਲਬਾਤ ਕਰਦਿਆ ਦਸਿਆਂ ਕਿ ਅੱਠਵੀਂ ਜਮਾਤ ਦੀਆਂ ਪੰਜ ਮੈਰਿਟਾਂ ਵਿਦਿਆਰਥਣਾਂ ਨੇ ਹਾਸਲ ਕੀਤੀਆ ਵਿਦਿਆਰਥਣ ਗੁਰਲੀਨ ਕੌਰ ਪੁੱਤਰੀ ਅਮਰਦੀਪ ਸਿੰਘ ਅੱਠਵੀਂ ਦੀ ਪ੍ਰੀਖਿਆ ਵਿਚੋਂ 598/600 (99.67%) ਅੰਕ ਲੈ ਕੇ ਪੰਜਾਬ ਭਰ ਵਿਚ ਦੂਜਾ ਸਥਾਨ ਹਾਸਲ ਕੀਤਾ ਹੈ ਅਤੇ ਇਸ ਦੇ ਨਾਲ-ਨਾਲ ਹਰਲੀਨ ਕੌਰ ਪੁੱਤਰੀ ਸ. ਰਣਜੀਤ ਸਿੰਘ ਨੇ 595/600 (99.17%) ਪੰਜਵਾ ਸਥਾਨ , ਸੀਤਾ ਪੁੱਤਰੀ ਸ੍ਰੀ ਸੁਘਰ ਪਾਲ ਨੇ 595/600 (99.17%) ਪੰਜਵਾ ਸਥਾਨ, ਪ੍ਰਭਨੂਰ ਕੌਰ ਪੁੱਤਰੀ ਸ. ਪਰਮਪ੍ਰੀਤ ਸਿੰਘ ਨੇ 592/600 (98.67%) ਅੱਠਵਾਂ ਸਥਾਨ, ਜਸਲੀਨ ਕੌਰ ਪੁੱਤਰੀ ਸ. ਸੁਖਬੀਰ ਸਿੰਘ ਨੇ 589/600 (98.17%) ਗਿਆਰਵਾਂ ਸਥਾਨ ਪ੍ਰਾਪਤ ਕੀਤਾ ਅਤੇ ਬਾਰਵੀਂ ਜਮਾਤ ਦੀ ਵਿਦਿਆਰਥਣ ਅਰਸ਼ਪ੍ਰੀਤ ਕੌਰ ਪੁੱਤਰੀ ਸ. ਸਤਿੰਦਰ ਸਿੰਘ ਨੇ ਕਾਮਰਸ ਗਰੁੱਪ 487/500 (97.40%) ਨੇ ਪੰਜਾਬ ਵਿਚੋਂ 14ਵਾਂ ਸਥਾਨ ਹਾਸਲ ਕੀਤਾ ਅਤੇ ਜਿਲ੍ਹੇ ਵਿਚੋਂ ਦੂਜਾ ਸਥਾਨ ਕਰਕੇ ਪੰਜਾਬ ਭਰ ਵਿਚ ਆਪਣਾ ਅਤੇ ਆਪਣੇ ਮਾਪਿਆਂ ਤੇ ਸਕੂਲ ਦਾ ਨਾਮ ਰੋਸ਼ਨ ਕੀਤਾ ਅਠਵੀਂ ਅਤੇ ਬਾਰਵੀਂ ਦਾ ਨਤੀਜਾ ਵਧੀਆਂ ਆਉਣ ਤੇ ਚੇਅਰਮੈਨ ਸ. ਹਰਪਾਲ ਸਿੰਘ ਯੂ.ਕੇ. ਅਤੇ ਪ੍ਰਿੰਸੀਪਲ ਸ੍ਰੀਮਤੀ ਕੁਲਵਿੰਦਰ ਕੌਰ ਜੀ ਨੇ ਸਮੂਹ ਵਿਦਿਆਰਥੀਆ ਅਤੇ ਉਹਨਾਂ ਦੇ ਮਾਪੇ ਅਤੇ ਸਮੂਹ ਸਕੂਲ ਸਟਾਫ ਨੂੰ ਵਧਾਈ ਦਿੱਤੀ। ਇਸਦਾ ਸੇਹਰਾ ਸਕੂਲ ਦੇ ਅਧਿਆਪਕਾਂ, ਬੱਚਿਆ ਦੀ ਮਿਹਨਤ ਅਤੇ ਉਨ੍ਹਾਂ ਦੇ ਮਾਪਿਆ ਨੂੰ ਜਾਂਦਾ ਹੈ ।

# ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਪਾਰਟੀ ਨੇ ਪਰਮਜੀਤ ਸਿੰਘ ਸੁੱਖ ਨੂੰ ਬਣਾਇਆ ਹਲਕਾ ਉੱਤਰੀ ਦਾ ਇੰਚਾਰਜ

## ਲੋਕ ਸਭਾ ਚੋਣਾਂ ਵਿੱਚ ਸ. ਇਮਾਨ ਸਿੰਘ ਮਾਨ ਦੀ ਜਿੱਤ ਲਈ ਦਿਨ ਰਾਤ ਇੱਕ ਕਰਾਂਗਾਂ-ਪਰਮਜੀਤ ਸਿੰਘ ਸੁੱਖ



**ਅੰਮ੍ਰਿਤਸਰ, 30 ਅਪ੍ਰੈਲ (ਆਵਾਜ਼ਿ ਕੌਮ ਬਿਊਰੋ)**-ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਪਾਰਟੀ ਨੇ ਪਰਮਜੀਤ ਸਿੰਘ ਸੁੱਖ ਜੀ ਨੂੰ ਉੱਤਰੀ ਹਲਕੇ ਦਾ ਇੰਚਾਰਜ ਬਣਾ ਕੇ ਉੱਤਰੀ ਹਲਕੇ ਦੀ ਜਿੰਮੇਵਾਰੀ ਦਿੱਤੀ। ਪਰਮਜੀਤ ਸਿੰਘ ਸੁੱਖ ਜੀ ਕਿਸਾਨ ਸੰਘਰਸ਼ ਕਮੇਟੀ ਦੇ ਅੰਮ੍ਰਿਤਸਰ ਜਿਲ੍ਹੇ ਦੇ ਮੀਤ ਪ੍ਰਧਾਨ ਵਜੋਂ ਵੀ ਸੇਵਾਵਾਂ ਨਿਭਾ ਰਹੇ ਹਨ। ਪਰਮਜੀਤ ਸਿੰਘ ਸੁੱਖ ਜੀ ਨੇ ਕਿਹਾ ਕਿ ਉਹ ਮਾਨ ਮਹਿਸੂਸ ਕਰ ਰਹੇ ਹਨ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਪਾਰਟੀ ਵਿੱਚ ਸ਼ਾਮਲ ਹੋ ਕੇ ਅਤੇ ਉਨਾਂ ਵਿਸ਼ਵਾਮ ਜਤਾਇਆ ਕਿ ਉਹ ਅੰਮ੍ਰਿਤਸਰ ਹਲਕੇ ਦੇ ਉਮੀਦਵਾਰ ਸ. ਇਮਾਨ ਸਿੰਘ ਮਾਨ ਜੀ ਦੀ ਜਿੱਤ ਲਈ ਦਿਨ ਰਾਤ ਇੱਕ ਕਰਕੇ ਪਾਰਟੀ ਦੇ ਅਜੰਡਿਆ ਦਾ ਪ੍ਰਚਾਰ ਕਰਣਗੇ। ਘਰ-ਘਰ ਜਾ ਕੇ ਉਹ ਅੰਮ੍ਰਿਤਸਰ ਹਲਕੇ ਦੀ ਜਨਤਾ ਨੂੰ ਜਾਗਰੁਕ ਕਰਣਗੇ ਅਤੇ ਜਨਤਾ ਨੂੰ ਪੰਜਾਬ ਦੀ ਖੇਤਰੀ ਅਤੇ ਪੰਥਕ ਪਾਰਟੀ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਨਾਲ ਜੋੜਣਗੇ। ਪਰਮਜੀਤ ਸਿੰਘ ਸੁੱਖ ਜੀ ਨੇ ਦਾਵਾ ਕੀਤਾ ਕਿ ਉਹ ਇਸ ਮਹੀਨੇ ਵਿੱਚ ਆਪਣੇ ਹਲਕੇ ਵਿੱਚ ਸ. ਇਮਾਨ ਸਿੰਘ ਮਾਨ ਜੀ ਦੀਆਂ ਵੱਖ-ਵੱਖ ਇਲਾਕੇ ਵਿੱਚ ਹੰਗਾਮੀ ਮੀਟਿੰਗ ਕਰਵਾਉਣਗੇ ਅਤੇ ਸੰਗਤ ਦਰਸ਼ਨ ਕਰਵਾਉਣਗੇ, ਤਾਂ ਜੋ ਸੰਗਤ ਸਿੱਧੇ ਤੌਰ ਤੇ ਸ. ਇਮਾਨ ਸਿੰਘ ਮਾਨ ਜੀ ਨਾਲ ਮਿਲ ਸਕਣ, ਉੱਨਾਂ ਦੇ ਵਿਚਾਰ ਸੁਣ ਸਕਣ ਅਤੇ ਆਪਣੇ ਮਸਲਿਆਂ ਉੱਤੇ ਉਨਾਂ ਨਾਲ ਵਿਚਾਰ ਚਰਚਾ ਕਰ ਸਕਣ। ਪਰਮਜੀਤ ਸਿੰਘ ਸੁੱਖ ਜੀ ਨੂੰ ਉੱਤਰੀ ਹਲਕੇ ਦੇ ਇੰਚਾਰਜ ਦੀ ਜਿੰਮੇਵਾਰੀ ਖੁਦ ਅੰਮ੍ਰਿਤਸਰ ਦੇ ਉਮੀਦਵਾਰ ਸ. ਇਮਾਨ ਸਿੰਘ ਮਾਨ ਜੀ ਸਿਰੋਪਾ ਪਾ ਕੇ ਦਿੱਤੀ। ਉਨਾਂ ਨਾਲ ਇਸ ਸਮੇਂ ਸ. ਹਰਪਾਲ ਸਿੰਘ ਬਲੇਰ, ਸ. ਉਪਕਾਰ ਸਿੰਘ ਸੰਧੂ, ਸ. ਹਰਪਾਲ ਸਿੰਘ ਬਚੜੇ, ਬੀਬੀ ਰਸ਼ਿਪੰਦਰ ਕੌਰ, ਜਸਬੀਰ ਸਿੰਘ ਬਚੜੇ ਜਥੇਬੰਦਕ ਸਕੱਤਰ, ਨਿਸ਼ਾਨ ਸਿੰਘ ਬਲੇਰ, ਜਥੇਦਾਰ ਜਗਜੀਤ ਸਿੰਘ ਰਾਮੂਵਾਲ, ਗੁਰਜਿੰਦਰ ਸਿੰਘ ਖਾਪੜਖੇੜੀ, ਬਿਅੰਤ ਸਿੰਘ ਸੰਧੂ, ਨਿਸ਼ਾਨ ਸਿੰਘ ਢਿੱਲੋਂ, ਹਰਪਾਲ ਸਿੰਘ ਖਾਲਿਸਤਾਨੀ, ਰਾਜਾ ਸਿੰਘ ਮੁਸਤਫਾਬਾਦ ਜੀ ਨੇ ਸਿਰੋਪਾਉ ਪਾ ਕੇ ਪਾਰਟੀ ਦੀ ਇਹ ਜਿੰਮੇਵਾਰੀ ਸੌਂਪੀ। ਇਸ ਸਮੇਂ ਲਛਮਣ ਸਿੰਘ, ਪਵਿੱਤ ਸਿੰਘ, ਕੰਵਲ ਰੰਧਾਵਾ, ਬਾਉ ਰਾਣਾ ਜੀ, ਹਰਪਾਲ ਸਿੰਘ ਖਾਲਿਸਤਾਨੀ, ਹਰਜੋਤ ਸਿੰਘ ਹਰੜਕਲਾਂ, ਗੁਰਦੇਵ ਸਿੰਘ ਵਰਪਾਲ, ਗੁਰਵਿੰਦਰ ਸਰਕਾਰੀ, ਬਖਤਾਵਰ ਸਿੰਘ, ਦਵਿੰਦਰ ਫੌਜੀ, ਬਾਉ ਅਜੇ ਕੁਮਾਰ, ਹਰਭਜਨ ਸਿੰਘ, ਮਨਪ੍ਰੀਤ ਸਿੰਘ, ਬਚਿੱਤਰ ਸਿੰਘ, ਗੁਰਮੇਜ ਸਿੰਘ, ਕੁਲਦੀਪ, ਕੇਵਲ ਸਿੰਘ, ਮਨਦੀਪ ਕੁਮਾਰ, ਰਣਬੀਰ ਰਾਣਾ, ਕੁਲਵੰਤ ਸਿੰਘ ਵੇਰਕਾ, ਗੁਰਦੀਪ ਸਿੰਘ ਮੁੱਧਲ ਵੀ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

**ਸ਼੍ਰੀ ਅਕਾਲ ਤਖ਼ਤ ਸਾਹਿਬ ਵਿਖੇ ਕੜਾਹ ਪ੍ਰਸਾਦਿ ਦੀ ਦੇਗ ਕਰਕੇ ਤੇ ਅਰਦਾਸ ਕਰਕੇ ਭਾਈ ਅੰਮ੍ਰਿਤਪਾਲ ਸਿੰਘ ਦੀ ਚੋਣ ਮੁਹਿੰਮ ਦੀ ਹੋਈ ਸ਼ੁਰੂਆਤ**

# ਬੀਬੀ ਪਰਮਜੀਤ ਕੌਰ ਖਾਲੜਾ ਨੂੰ ਲਾਇਆ ਚੋਣ ਇੰਚਾਰਜ




**ਅੰਮ੍ਰਿਤਸਰ / ਤਰਨ ਤਾਰਨ 30 ਅਪ੍ਰੈਲ (ਆਵਾਜ਼ਿ ਕੌਮ ਬਿਊਰੋ)**-ਪਾਰਲੀਮੈਂਟਰੀ ਹਲਕਾ ਸ਼੍ਰੀ ਖਡੂਰ ਸਾਹਿਬ ਤੋ ਅਜ਼ਾਦ ਉਮੀਦਵਾਰ ਵਜੋਂ ਵਾਰਸ ਪੰਜਾਬ ਦੇ ਦੇ ਪ੍ਰਧਾਨ ਅਤੇ ਡਿਬਰੂਗੜ ਜੇਲ੍ਹ ਅਸਾਮ 'ਚ ਐਨ ਐਸ ਏ ਅਧੀਨ ਨਜ਼ਰਬੰਦ ਭਾਈ ਅੰਮ੍ਰਿਤਪਾਲ ਸਿੰਘ ਦੀ ਚੋਣ ਮੁਹਿੰਮ ਅਰਦਾਸ ਕਰਕੇ ਸ਼ੁਰੂ ਕੀਤੀ ਗਈ। ਸੰਗਤ ਵੱਲੋਂ ਪਾਰਲੀਮੈਂਟਰੀ ਹਲਕਾ ਸ਼੍ਰੀ ਖਡੂਰ ਸਾਹਿਬ ਤੋ ਭਾਈ ਅੰਮ੍ਰਿਤਪਾਲ ਸਿੰਘ ਦੀ ਚੋਣ ਮੁਹਿੰਮ ਦਾ ਆਗਾਜ਼ ਕਰਨ ਲਈ ਸਤਿਗੁਰੂ ਹਰਗੋਬਿੰਦ ਪਾਤਸ਼ਾਹ ਮੀਰੀ ਪੀਰੀ ਦੇ ਮਾਲਕ ਵੱਲੋਂ ਕੌਮ ਨੂੰ ਬਖਸ਼ਿਸ਼ ਕੀਤੇ ਅਕਾਲ ਪੁਰਖ ਦੇ ਤਖ਼ਤ ਸ਼੍ਰੀ ਅਕਾਲ ਤਖ਼ਤ ਸਾਹਿਬ ਵਿਖੇ ਕੜਾਹ ਪ੍ਰਸਾਦਿ ਦੀ ਦੇਗ ਕਰਾ ਕੇ ਉਪਰੰਤ ਜਪੁਜੀ ਸਾਹਿਬ ਅਨੰਦ ਸਾਹਿਬ ਦੀਆਂ ਛੇ ਪਾਉੜੀਆਂ ਦਾ ਪਾਠ ਕਰਨ ਉਪਰੰਤ ਭਾਈ ਅੰਮ੍ਰਿਤਪਾਲ ਸਿੰਘ ਦੀ ਚੋਣ ਮੁਹਿੰਮ ਅਰਦਾਸ ਕਰਕੇ ਸ਼ੁਰੂ ਕੀਤੀ ਗਈ । ਇਸ ਉਪਰੰਤ ਮੋਰਚਾ ਚੁੱਕ ਲਿਆ ਗਿਆ ਤੇ ਸੰਗਤ ਨੇ ਸ਼੍ਰੀ ਖਡੂਰ ਸਾਹਿਬ ਨੂੰ ਚਾਲੇ ਪਾਏ ।ਸ਼੍ਰੀ ਖਡੂਰ ਸਾਹਿਬ ਸਤਿਗੁਰੂ ਅਮਰਦਾਸ ਪਾਤਸ਼ਾਹ ਦੇ ਅਸਥਾਨ ਮੇਨ ਗੁਰਦੁਆਰਾ ਖੱਡੀ ਸਾਹਿਬ ਵਿਖੇ ਮੱਥਾ ਟੇਕਿਆ ਨਾਲ ਹੀ ਗੁਰਦੁਆਰਾ ਸਾਹਿਬ ਮੱਲ ਅਖਾੜਾ ਵਿਖੇ ਵੀ ਨਤਮਸਤਕ ਹੋਏ ।ਏਥੇ ਪਹੁੰਚਣ ਤੱਕ ਰਸਤੇ ਵਿੱਚ ਗੱਡੀਆਂ ਕਾਫ਼ਲੇ ਵਿੱਚ ਸ਼ਾਮਲ ਹੋਈ ਗਈਆਂ ਤੇ ਸੈਂਕੜਿਆਂ ਦੀ ਗਿਣਤੀ ਵਿੱਚ ਗੱਡੀਆਂ ਸੰਗਤਾਂ ਦੀਆਂ ਹੋ ਗਈਆਂ ।ਏਥੇ ਸੰਗਤਾਂ ਵੱਲੋਂ ਬੀਬੀ ਪਰਮਜੀਤ ਕੌਰ ਖਾਲੜਾ ਨੂੰ ਭਾਈ ਅੰਮ੍ਰਿਤਪਾਲ ਸਿੰਘ ਦੀ ਇਲੈੱਕਸ਼ਨ ਦਾ ਇਲੈੱਕਸ਼ਨ ਇੰਚਾਰਜ ਥਾਪਿਆ ।ਇਸ ਦੇ ਨਾਲ ਹੀ ਗੋਇੰਦਵਾਲ ਸਾਹਿਬ ਰੋਡ ਤੇ ਸ਼੍ਰੀ ਖਡੂਰ ਸਾਹਿਬ ਵਿਖੇ ਚੋਣ ਦਫ਼ਤਰ ਖੋਲ੍ਹਿਆ ਗਿਆ ।ਮਾਨ ਦਲ ਦੇ ਹਰਪਾਲ ਸਿੰਘ ਬਲੇਅਰ ਆਪਣੇ ਸਥਾਪਿਤ ਕੀਤੇ ਹੋਏ ਦਫ਼ਤਰ ਭਾਈ ਸਾਹਿਬ ਦੇ ਇਲੈੱਕਸ਼ਨ ਦਫ਼ਤਰਾਂ ਲਈ ਕੀਤੇ ਸੰਗਤ ਹਵਾਲੇ ।।।। ਅੱਜ ਸਵੇਰੇ ਨਿੱਤਨੇਮ ਦੀਆਂ ਪੰਜ ਬਾਣੀਆਂ ਸੁਖਮਨੀ ਸਾਹਿਬ ਦੇ ਪਾਠ ਸਾਰਾਗੜ੍ਹੀ ਪੱਕਾ ਮੋਰਚਾ ਤੇ ਸੰਗਤ ਵੱਲੋਂ ਸਮਾਪਤ ਕੀਤਾ ਗਿਆ।

**ਅੱਜ ਦੇ ਕਾਫ਼ਲੇ ਵਿੱਚ ਅਕਾਲੀ ਲੀਡਰ ਭਾਈ ਮਨਜੀਤ ਸਿੰਘ ਦੇ ਪੁੱਤਰ ਸਮੇਤ ਅਕਾਲੀ ਦਲ਼ ਦੇ ਅਨੇਕਾਂ ਵਰਕਰ ਹੋਏ ਸ਼ਾਮਲ**

**ਸ: ਰਣਜੀਤ ਸਿੰਘ ਢਿੱਲੋਂ ਦੀ ਜਿੱਤ ਲਈ ਦਿਨ-ਰਾਤ ਮਿਹਨਤ ਕਰੇਗੀ ਸਮੁੱਚੀ ਲੀਡਰਸ਼ਿਪ : ਕਲੇਰ, ਗਰੇਵਾਲ, ਮੱਲ੍ਹਾ**

# 6 ਮਈ ਤੋਂ ਹਲਕਾ ਜਗਰਾਉਂ ਦੇ ਵੱਖ-ਵੱਖ ਪਿੰਡਾ ਦਾ ਦੌਰਾ ਕੀਤਾ ਜਾਵੇਗਾ



ਜਗਰਾਉਂ (ਵਰਿਆਮ ਹਠੂਰ) ਅੱਜ ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਐੱਸ.ਆਰ.ਕਲੇਰ ਨੇ ਸਰਕਲ ਪ੍ਰਧਾਨਾਂ ਨਾਲ ਮੀਟਿੰਗ ਕੀਤੀ ਤੇ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਸ.ਰਣਜੀਤ ਸਿੰਘ ਢਿੱਲੋਂ ਦੀ ਚੋਣ ਮੁਹਿੰਮ ਨੂੰ ਤਰਤੀਬ ਦੇਣ ਲਈ ਯੋਜਨਾਬੰਧੀ ਤਿਆਰ ਕੀਤੀ। ਇਸ ਮੌਕੇ ਹਲਕਾ ਇੰਚਾਰਜ ਸ਼੍ਰੀ ਐੱਸ ਆਰ ਕਲੇਰ ਨੇ ਦੱਸਿਆ ਕਿ 6 ਮਈ ਨੂੰ ਸਰਕਲ ਗਿੱਦੜਵਿੰਡੀ , 11 ਮਈ ਨੂੰ ਸਰਕਲ ਮਲਕ, 16 ਮਈ ਨੂੰ ਸਰਕਲ ਕਾਉਂਕੇ ਤੇ ਗਾਲਿਬ, 20 ਮਈ ਨੂੰ ਸਰਕਲ ਮੱਲਾ ਤੇ ਹਠੂਰ ਅਤੇ 23 ਮਈ ਨੂੰ ਜਗਰਾਉਂ ਸ਼ਹਿਰ ਤੇ ਸਰਕਲ ਦੇ ਪਿੰਡਾ ਦਾ ਦੌਰਾ ਕੀਤਾ ਜਾਵੇਗਾ ਅਤੇ ਇਸ ਪ੍ਰੋਗਰਾਮ ਤੋਂ ਬਾਅਦ ਇਕ ਵੱਡਾ ਰੋਡ ਸ਼ੋਅ ਵੀ ਕੀਤਾ ਜਾਵੇਗਾ ਜਿਸ ਸਬੰਧੀ ਪਿੰਡਾ ਵਿੱਚ ਵੱਡੇ ਇਕੱਠ ਕਰਨ ਲਈ ਡਿਊਟੀਆ ਵੀ ਲਗਾਈਆਂ ਗਈਆਂ, ਕਲੇਰ ਨੇ ਅੱਗੇ ਕਿਹਾ ਕਿ ਸੂਝਵਾਨ ਵੋਟਰ ਝੂਠ ਮਾਰਕੇ ਸੱਤਾ ਹਾਸਲ ਕਰਨ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਤੋਂ ਬੇਹੱਦ ਤੰਗ ਆ ਚੁੱਕੇ ਹਨ। ਤੇ ਚੋਣਾਂ ਵਿੱਚ ਲੋਕ ਆਮ ਆਦਮੀ ਪਾਰਟੀ ਨੂੰ ਮੂੰਹ ਨਹੀਂ ਲਾਉਣਗੇ, ਕਲੇਰ ਨੇ ਅੱਗੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਮੌਕੇ ਪੰਜਾਬ ਵਿੱਚ ਵੱਡੀ ਪੱਧਰ ਤੇ ਹੋਏ ਵਿਕਾਸ ਕਾਰਜਾਂ ਨੂੰ ਲੋਕ ਅੱਜ ਵੀ ਯਾਦ ਕਰ ਰਹੇ ਹਨ ਤੇ ਮੁੜ ਪੰਜਾਬ ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਵੇਖਣਾ ਚਾਹੁੰਦੇ ਹਨ। ਤਾਂ ਜੋ ਪੰਜਾਬ ਤਰੱਕੀ ਅਤੇ ਖੁਸ਼ਹਾਲੀ ਦੇ ਰਾਹਾਂ ਤੇ ਵਧੇ, ਇਸ ਮੌਕੇ ਜ਼ਿਲ੍ਹਾ ਪ੍ਰਧਾਨ ਭਾਈ ਗੁਰਚਰਨ ਸਿੰਘ ਗਰੇਵਾਲ, ਸਾਬਕਾ ਚੇਅਰਮੈਨ ਸ.ਕਮਲਜੀਤ ਸਿੰਘ ਮੱਲਾ, ਸਾਬਕਾ ਚੇਅਰਮੈਨ ਸ.ਦੀਦਾਰ ਸਿੰਘ ਮਲਕ, ਸਰਕਲ ਪ੍ਰਧਾਨ ਮਲਕੀਤ ਸਿੰਘ ਹਠੂਰ, ਸਰਕਲ ਪ੍ਰਧਾਨ ਸਿਵਰਾਜ ਸਿੰਘ ਸਰਪੰਚ, ਸਰਕਲ ਪ੍ਰਧਾਨ ਸੁਖਦੇਵ ਸਿੰਘ ਗਿੱਦੜਵਿੰਡੀ, ਸਰਕਲ ਪ੍ਰਧਾਨ ਸਰਪ੍ਰੀਤ ਸਿੰਘ ਕਾਉਂਕੇ, ਸਰਕਲ ਪ੍ਰਧਾਨ ਤਜਿੰਦਰ ਸਿੰਘ ਪਰਜੀਆ, ਸਰਕਲ ਪ੍ਰਧਾਨ ਇਸ਼ਟਪ੍ਰੀਤ ਸਿੰਘ ਜਗਰਾਉਂ ਹਾਜ਼ਰ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091233

# ਕਿੰਗਸਟਨ ਕਰਾਊਨ ਕੋਰਟ ਨੇ ਮਹਿਕ ਸ਼ਰਮਾ ਨੂੰ ਦਿੱਤਾ ਇਨਸਾਫ਼

**☛ ਭਾਰਤੀ ਪਤੀ ਸਾਹਿਲ ਸ਼ਰਮਾ ਨੂੰ ਕਤਲ ਦੀ ਮਿਲੀ 15 ਸਾਲ ਦੀ ਸਖ਼ਤ ਸਜ਼ਾ ☛ ਸਾਹਿਲ ਨੇ ਮਹਿਕ ਦਾ ਕਤਲ ਹੀ ਨਹੀਂ ਕੀਤਾ, ਮੈਨੂੰ ਲੱਗਦਾ ਹੈ ਕਿ ਉਸ ਨੇ ਮੈਨੂੰ ਵੀ ਮਾਰਿਆ ਹੈ - ਮਹਿਕ ਦੀ ਮਾਂ ਦਾ ਬਿਆਨ**





**ਲੰਡਨ, 30 ਅਪ੍ਰੈਲ (ਸਰਬਜੀਤ ਸਿੰਘ ਬਨੂੜ)** - ਕ੍ਰੋਏਡਨ ਵਿੱਚ ਘਾਤਕ ਚਾਕੂ ਮਾਰਨ ਤੋਂ ਬਾਅਦ ਇੱਕ ਵਿਅਕਤੀ ਨੂੰ ਆਪਣੀ ਪਤਨੀ ਦੀ ਹੱਤਿਆ ਕਰਨ ਦੇ ਦੋਸ਼ ਵਿੱਚ ਸਜ਼ਾ ਸੁਣਾਈ ਗਈ ਹੈ। ਸਾਹਿਲ ਸ਼ਰਮਾ, 24 ਕ੍ਰੋਏਡਨ ਨੂੰ ਆਪਣੀ ਪਤਨੀ 19 ਸਾਲਾ ਮਹਿਕ ਸ਼ਰਮਾ ਦੀ ਹੱਤਿਆ ਦੇ ਦੋਸ਼ ਵਿੱਚ ਸ਼ੁੱਕਰਵਾਰ, 26 ਅਪ੍ਰੈਲ ਨੂੰ ਕਿੰਗਸਟਨ ਕਰਾਊਨ ਕੋਰਟ ਵਿੱਚ ਘੱਟੋ-ਘੱਟ 15 ਸਾਲ ਦੀ ਉਮਰ ਕੈਦ ਦੀ ਸਜ਼ਾ ਸੁਣਾਈ ਗਈ। ਉਸ ਨੇ 8 ਫਰਵਰੀ ਨੂੰ ਪਿਛਲੀ ਅਦਾਲਤ ਦੀ ਸੁਣਵਾਈ ਦੌਰਾਨ ਮਹਿਕ ਸ਼ਰਮਾ ਨੂੰ ਕਤਲ ਦਾ ਦੋਸ਼ੀ ਮੰਨਿਆ ਗਿਆ ਸੀ। ਮੇਟ ਸਪੈਸ਼ਲਿਸਟ ਕ੍ਰਾਈਮ ਕਮਾਂਡ ਦੀ ਡਿਟੈਕਟਿਵ ਇੰਸਪੈਕਟਰ ਲੌਰਾ ਸੇਮਪਲ ਨੇ ਕਿਹਾ ਕਿ ਇਹ ਇੱਕ ਦੁਖਦਾਈ ਮਾਮਲਾ ਹੈ ਜਿਸ ਨੇ ਇੱਕ ਪਰਿਵਾਰ ਨੂੰ ਪੂਰੀ ਤਰ੍ਹਾਂ ਤਬਾਹ ਕਰ ਦਿੱਤਾ ਹੈ। ਸਹਿਲ ਸ਼ਰਮਾ ਨੇ ਆਪਣੀ ਪਤਨੀ ਦਾ ਕਤਲ ਕੀਤਾ ਸਗੋਂ ਸ਼ਰਮਾ ਨੇ ਮਹਿਕ ਦੇ ਪਰਿਵਾਰ ਨੂੰ ਪਿਆਰ ਕਰਨ ਵਾਲੀ ਧੀ ਨੂੰ ਵੀ ਲੁੱਟ ਲਿਆ ਹੈ। ਹਾਲਾਂਕਿ ਮੈਂ ਜਾਣਦਾ ਹਾਂ ਕਿ ਮਹਿਕ ਸ਼ਰਮਾ ਨੂੰ ਕੋਈ ਵੀ ਚੀਜ਼ ਉਨ੍ਹਾਂ ਕੋਲ ਵਾਪਸ ਨਹੀਂ ਲਿਆ ਸਕਦੀ, ਮੈਨੂੰ ਉਮੀਦ ਹੈ ਕਿ ਸਜ਼ਾ ਉਸ ਦੇ ਪਿਆਰਿਆਂ ਲਈ ਕੁਝ ਧਰਾਸ ਦੇਵੇਗੀ। ਜਿਕਰਯੋਗ ਹੈ ਕਿ 29 ਅਕਤੂਬਰ 2023 ਨੂੰ 16:15 ਵਜੇ ਤੋਂ ਥੋੜ੍ਹੀ ਦੇਰ ਬਾਅਦ, ਸਾਹਿਲ ਸ਼ਰਮਾ ਨੇ 999 ਡਾਇਲ ਕੀਤਾ ਅਤੇ ਪੁਲਿਸ ਆਪਰੇਟਰ ਨੂੰ ਦੱਸਿਆ ਕਿ ਉਸਨੇ ਘਰ ਆਪਣੀ ਪਤਨੀ ਦੀ ਹੱਤਿਆ ਕਰ ਦਿੱਤੀ ਹੈ। ਪਤੇ 'ਤੇ, ਅਫਸਰਾਂ ਨੇ ਮਹਿਕ ਨੂੰ ਗੈਰ-ਜ਼ਿੰਮੇਵਾਰ ਪਾਇਆ। ਉਸ ਦੀ ਗਰਦਨ 'ਤੇ ਚਾਕੂ ਨਾਲ ਘਾਤਕ ਸੱਟਾਂ ਲੱਗੀਆਂ ਸਨ ਅਤੇ ਮੌਕੇ 'ਤੇ ਡਾਕਟਰਾਂ ਦੀਆਂ ਕੋਸ਼ਿਸ਼ਾਂ ਦੇ ਬਾਵਜੂਦ, ਲਗਭਗ 20 ਮਿੰਟ ਬਾਅਦ ਉਸ ਨੇ ਜ਼ਖ਼ਮਾਂ ਦੀ ਤਾਬ ਨਾ ਝੱਲਦਿਆਂ ਡਾਕਟਰਾਂ ਨੇ ਮਹਿਕ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ ਸੀ। ਪੁਲਸ ਅਨੁਸਾਰ 31 ਅਕਤੂਬਰ 2023 ਨੂੰ ਪੋਸਟਮਾਰਟਮ ਦੀ ਜਾਂਚ ਕੀਤੀ ਗਈ ਅਤੇ ਪਤਾ ਲੱਗਾ ਕਿ ਮਹਿਕ ਦੀ ਮੌਤ ਦਾ ਕਾਰਨ ਗਰਦਨ 'ਤੇ ਚਾਕੂ ਦਾ ਜ਼ਖ਼ਮ ਸੀ। ਡੀਆਈ ਸੇਮਪਲ ਨੇ ਅੱਗੇ ਕਿਹਾ ਮਹਿਕ ਨੂੰ ਉਸਦੇ ਆਪਣੇ ਘਰ ਵਿੱਚ ਮਾਰਿਆ ਗਿਆ, ਇੱਕ ਅਜਿਹੀ ਜਗ੍ਹਾ ਜਿੱਥੇ ਉਸਨੂੰ ਸਭ ਤੋਂ ਸੁਰੱਖਿਅਤ ਮਹਿਸੂਸ ਕਰਨਾ ਚਾਹੀਦਾ ਸੀ, ਅਤੇ ਉਸ ਵਿਅਕਤੀ ਦੁਆਰਾ ਜਿਸਨੂੰ ਉਸਨੂੰ ਪਿਆਰ ਕਰਨਾ ਚਾਹੀਦਾ ਸੀ ਅਤੇ ਉਸਦੀ ਰੱਖਿਆ ਕਰਨੀ ਚਾਹੀਦੀ ਸੀ। ਮਹਿਕ ਦੀ ਮਾਂ ਵੱਲੋਂ ਅਦਾਲਤ ਨੂੰ ਪੜ੍ਹ ਕੇ ਸੁਣਾਏ ਗਏ ਪੀੜਤ ਪ੍ਰਭਾਵ ਦੇ ਬਿਆਨ ਨੇ ਕਿਹਾ ਮੈਂ ਆਪਣੀ ਧੀ ਨੂੰ ਵਾਪਸ ਲਿਆਉਣਾ ਸਭ ਤੋਂ ਵੱਧ ਚਾਹੁੰਦੀ ਸੀ ਪਰ ਇਹ ਸੰਭਵ ਨਹੀਂ ਹੈ। "ਕੋਈ ਵੀ ਪ੍ਰਾਰਥਨਾ ਜਾਂ ਪੈਸਾ ਜਾਂ ਸਹਾਇਤਾ ਉਸ ਨੂੰ ਮੇਰੇ ਕੋਲ ਵਾਪਸ ਨਹੀਂ ਲਿਆਏਗੀ। ਮੈਂ ਟੁੱਟ ਚੁੱਕੀ ਹਾਂ। ਸਾਹਿਲ ਨੇ ਮਹਿਕ ਦਾ ਕਤਲ ਹੀ ਨਹੀਂ ਕੀਤਾ, ਮੈਨੂੰ ਲੱਗਦਾ ਹੈ ਕਿ ਉਸ ਨੇ ਮੈਨੂੰ ਵੀ ਮਾਰਿਆ ਹੈ। ਦੱਸਣਯੋਗ ਹੈ ਕਿ ਮਹਿਕ ਸ਼ਰਮਾ ਗੁਰਦਾਸਪੁਰ ਦੇ ਪਿੰਡ ਜੋਗੀ ਚੀਮਾ ਦੀ ਰਹਿਣ ਵਾਲੀ ਸੀ।

# ਇੰਗਲੈਂਡ ਦੇ ਸਾਬਕਾ ਕ੍ਰਿਕਟਰ ਮੋਂਟੀ ਪਨੇਸਰ ਆਮ ਚੋਣਾਂ ਵਿੱਚ ਸਾਊਥਾਲ ਤੋਂ ਪਾਰਟੀ ਦੇ ਪਹਿਲੇ ਸਿੱਖ ਉਮੀਦਵਾਰ

**ਸਾਊਥਾਲ ਦੀ ਲੇਬਰ ਸੀਟ ਤੇ ਐਮ ਪੀ ਵਰਿੰਦਰ ਸ਼ਰਮਾ ਨਾਲ ਹੋਵੇਗਾ ਸਿੱਧਾ ਮੁਕਾਬਲਾ**





**ਲੰਡਨ, 30 ਅਪ੍ਰੈਲ (ਸਰਬਜੀਤ ਸਿੰਘ ਬਨੂੜ)** -ਇੰਗਲੈਂਡ ਦੇ ਮਸ਼ਹੂਰ ਕ੍ਰਿਕਟਰ ਮੋਂਟੀ ਪਨੇਸਰ ਜਨਰਲ ਚੋਣਾਂ ਵਿੱਚ ਵਰਕਰਜ਼ ਪਾਰਟੀ ਦੇ ਸਾਊਥਾਲ ਦੇ ਪਹਿਲੇ ਸਿੱਖ ਉਮੀਦਵਾਰ ਹੋਣਗੇ। ਪਾਰਟੀ ਦੇ ਜਾਰਜ ਗੈਲੋਵੇ ਨੇ ਦੱਸਿਆ ਹੈ ਕਿ ਇੰਗਲੈਂਡ ਦੇ ਸਾਬਕਾ ਕ੍ਰਿਕਟਰ ਮੋਂਟੀ ਪਨੇਸਰ ਆਮ ਚੋਣਾਂ ਵਿੱਚ ਬਰਤਾਨੀਆ ਦੀ ਵਰਕਰਜ਼ ਪਾਰਟੀ ਲਈ ਉਮੀਦਵਾਰ 'ਤੇ ਪ੍ਰਚਾਰ ਕਰਨਗੇ। ਸ੍ਰੀ ਗੈਲੋਵੇ ਦੇ ਮੰਗਲਵਾਰ ਨੂੰ ਸੰਸਦ ਦੇ ਬਾਹਰ 200 ਉਮੀਦਵਾਰਾਂ ਦਾ ਐਲਾਨ ਕਰਨ ਦੀ ਉਮੀਦ ਹੈ, ਜਿਸ ਵਿੱਚ ਇੰਗਲੈਂਡ ਦੇ ਸਾਬਕਾ ਕ੍ਰਿਕਟਰ ਮੋਂਟੀ ਪਨੇਸਰ ਦਾ ਵੀ ਸ਼ਾਮਲ ਹੈ। ਮੋਂਟੀ ਪਨੇਸਰ ਦੇ ਐਲਾਨ ਤੋਂ ਬਾਦ ਸਾਊਥਾਲ ਵਿੱਚ ਲੇਬਰ ਦੇ ਮੌਜੂਦਾ ਐਮ ਪੀ ਸ਼੍ਰੀ ਵਰਿੰਦਰ ਸ਼ਰਮਾ ਨੂੰ ਜ਼ਬਰਦਸਤ ਟੱਕਰ ਦੇਣ ਦੀਆਂ ਸੰਭਾਵਨਾਵਾਂ ਤੋਂ ਇਨਕਾਰ ਨਹੀ ਕੀਤਾ ਜਾ ਸਕਦਾ। ਮੌਂਟੀ, ਕ੍ਰਿਕਟ ਟੀਮ ਦਾ ਇੱਕ ਮਹਾਨ ਖੱਬੇ ਹੱਥ ਦਾ ਮਸ਼ਹੂਰ ਸਪਿਨਰ ਸੀ ਅਤੇ ਇੰਗਲੈਂਡ ਵਿੱਚ ਨੌਜਵਾਨਾਂ ਵੱਲੋਂ ਉਸ ਨੂੰ ਸਭ ਤੋਂ ਵੱਧ ਪਿਆਰ ਕੀਤਾ ਜਾਂਦਾ ਹੈ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਗੈਲੋਵੇ ਨੇ ਕਿਹਾ ਕਿ "ਅਸਲੀਅਤ ਇਹ ਹੈ ਕਿ ਅਸੀਂ ਪਛਾਣ ਦੀ ਰਾਜਨੀਤੀ ਤੋਂ ਦੂਰ ਲੇਬਰ ਹਾਂ, ਜਾਤ ਅਤੇ ਲਿੰਗ ਦੇ ਨਾਲ ਮੋਹ, ਵੋਕਰੀ ਅਤੇ ਗ੍ਰੀਨਰੀ ਅਤੇ ਬੇਚੈਨੀ, ਅਸੀਂ ਅਸਲ ਸੌਦੇਗਰ ਹਾਂ। ਅਸੀਂ ਕੰਮ ਕਰਨ ਵਾਲੇ ਲੋਕਾਂ ਲਈ ਖੜ੍ਹੇ ਕਰ ਰਹੇ ਹਾਂ। ਰੌਚਡੇਲ ਉਪ-ਚੋਣ ਤੋਂ ਦੋ ਮਹੀਨੇ ਬਾਅਦ, ਜਿਸ ਵਿੱਚ ਵਿਵਾਦਗ੍ਰਸਤ ਸਾਬਕਾ ਲੇਬਰ ਐਮਪੀ ਜਾਰਜ ਗੈਲੋਵੇ ਨੇ ਭਾਰੀ ਜਿੱਤ ਪ੍ਰਾਪਤ ਕੀਤੀ ਸੀ ਕਿ ਉਹ ਮੌਜੂਦਾ ਅਤੇ ਸਾਬਕਾ ਲੇਬਰ ਸੰਸਦ ਮੈਂਬਰਾਂ ਤੱਕ ਪਹੁੰਚ ਕਰ ਰਹੇ ਹਨ ਤੇ ਹਰ ਸੰਸਦ ਸੀਟ ਤੇ ਆਪਣੇ ਉਮੀਦਵਾਰ ਖੜੇ ਕਰ ਰਹੇ ਹਨ ਅਤੇ ਆਮ ਚੋਣਾਂ ਵਿੱਚ ਲੇਬਰ ਉਮੀਦਵਾਰਾਂ ਦੀਆਂ ਸੀਟਾਂ ਲਈ ਖਤਰਾ ਵੱਧ ਗਿਆ ਹੈ ਅਤੇ ਬਹੁਤੇ ਲੇਬਰ ਸੰਸਦ ਮੈਂਬਰ ਹਨ ਜੋ ਨਵੇਂ ਘਰ ਵਰਕਰਜ਼ ਪਾਰਟੀ ਦੀ ਤਲਾਸ਼ ਕਰ ਰਹੇ ਹਨ। ਮਿਸਟਰ ਗੈਲੋਵੇਜ਼ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਸਾਬਕਾ ਲੇਬਰ ਆਗੂ ਜੇਰੇਮੀ ਕੋਰਬੀਨ ਖੜ੍ਹੇ ਹੁੰਦੇ ਹਨ ਤਾਂ ਉਸਦੀ ਵਰਕਰਜ਼ ਪਾਰਟੀ ਇਸਲਿੰਗਟਨ ਨੌਰਥ ਦੀ ਸੀਟ ਤੋਂ ਚੋਣ ਨਹੀਂ ਲੜੇਗੀ ਅਤੇ ਉਹ ਇਸ ਦੀ ਬਜਾਏ ਸਾਬਕਾ ਲੇਬਰ ਨੇਤਾ ਦਾ ਸਮਰਥਨ ਕਰਨਗੇ। ਐਂਡਰਿਊ ਫੇਨਸਟੀਨ ਹੋਲਬੋਰਨ ਅਤੇ ਸੇਂਟ ਪੈਨਕ੍ਰੀਅਸ ਦੇ ਲੇਬਰ ਲੀਡਰ ਸੀਟ 'ਤੇ ਸਰ ਕੀਰ ਸਟਾਰਮਰ ਦੇ ਖਿਲਾਫ ਖੜ੍ਹੇ ਹੋਣਗੇ। ਜਿਕਰਯੋਗ ਹੈ ਕਿ ਲੰਡਨ ਵਿੱਚ 2018 ਵਿੱਚ ਹੋਏ ਸਿੱਖਸ਼ ਫਾਰ ਜਸਟਿਸ ਵੱਲੋਂ ਪੰਜਾਬ ਰੈਫਰੈਂਡਮ ਲਈ ਕਰਵਾਏ London Declaration ਦੇ ਹੱਕ ਵਿੱਚ ਕੀਤੀ ਰੈਲੀ ਵਿੱਚ ਸ਼ਮੂਲੀਅਤ ਕਰ ਵੱਖਰੇ ਰਾਜ ਲਈ ਵੋਟਾਂ ਦੀ ਖੁੱਲ ਕੇ ਹਮਾਇਤ ਕੀਤੀ ਗਈ ਸੀ।